੧ੴ ਵਾਹਿਗੁਰੂ ਜੀ ਕੀ ਫ਼ਤਹਿ॥

ਮਾਸਿਕ ਪੱਤਰ


# ਸੂਰਾ

ਲੁਧਿਆਣਾ

# SURA

**Monthly**
**Ludhiana**
**Feb. 2000**

ਫਰਵਰੀ 2000



ਗੁ: ਸ਼ੀਸ਼ ਮਹਿਲ ਸਾਹਿਬ, ਕੀਰਤਪੁਰ (ਰੂਪ ਨਗਰ)
ਜਨਮ ਅਸਥਾਨ ਗੁਰੂ ਹਰਿਰਾਇ ਸਾਹਿਬ ਜੀ

www.AKJ.Org

# ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਪੁਰਬ ਤੇ ਹੋਏ ਕੇਂਦਰੀ ਕੀਰਤਨ ਸਮਾਗਮਾਂ ਦੀਆਂ ਝਲਕੀਆਂ

















www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਫਰਵਰੀ ੨੦੦੦ ਅੰਕ ੨

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਪੁਰਾਤਨ ਕੈਲੰਡਰ ਅਨੁਸਾਰ)

| | |
|---|---|
| ਪ੍ਰਕਾਸ਼ ਉਤਸਵ ਗੁਰੂ ਹਰਿ ਰਾਇ ਜੀ | ੧੭ ਫਰਵਰੀ |
| ਜਨਮ ਦਿਨ ਭਗਤ ਰਵਿਦਾਸ ਜੀ | ੧੯ ਫਰਵਰੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ | ੨੧ਫਰਵਰੀ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੧੩, ਬਲਾਕ-10, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ........ ੨
○ ਨਿਰਭਉ ਨਿਰਵੈਰ ਗੁਰੂ ਹਰਿ ਰਾਇ ਜੀ ........ ੩
○ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ ਯੁੱਧ ........ ੬
○ ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸਤਾ ........ ੯
○ ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ ........ ੧੩
○ ਇਕ ਇਤਿਹਾਸਕ ਖਤ ........ ੧੫
○ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ........ ੧੭
○ ਭਗਤ ਰਵੀਦਾਸ ਜੀ ........ ੨੧
○ ਹਿੰਦੀ ਵਿਚ ਵੀ ਸਿੰਘ ਹੀ ਲਿਖੋ ........ ੨੩
○ ਸਲੋਕ ਭਗਤ ਕਬੀਰ ਜੀਉ ਦੇ(Translation) ........ ੨੪
○ ਭਗਤ ਰਵੀਦਾਸ ਜੀ ਦੀ ਸਮਾਜਿਕ ਰਾਜਨੀਤਿਕ ਵਿਚਾਰਧਾਰਾ ........ ੨੫
○ ਸਹਿਜਧਾਰੀ ਬਨਾਮ ਗੁਰਦੁਆਰਾ ਚੋਣਾਂ ........ ੨੯
○ ਕਰਮ ਫ਼ਿਲਾਸਫ਼ੀ ........ ੩੪
○ ਸੂਰਾ ਦੇ ਸੇਵਾਦਾਰਾ ਦੀ ਸੂਚੀ ........ ੩੮
○ ਜੱਥੇ ਦੇ ਸਮਾਚਾਰ, ਰਿਸ਼ਤੇ ਨਾਤੇ ........ ੩੯
○ ਆਉਣ ਵਾਲੇ ਕੀਰਤਨ ਸਮਾਗਮ ........ ੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ

(ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ॥
ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ॥ (੭੭੭)

ਗੁਰਸਿਖਾਂ ਨੂੰ ਸਦਾ ਨਿਰਮਾਣ ਰਹਿਣਾ ਸਤਿਗੁਰੂ ਨੇ ਸਿਖਾਇਆ ਹੈ। ਇੰਸ ਪਰਮਾਰਥੀ ਮਾਣ ਸੂਖਮ ਹੰਕਾਰ ਤੋਂ ਸਦਾ ਬਚੇ ਰਹਿਣ ਤੋਂ ਹੀ ਸਾਵਧਾਨ ਕੀਤਾ ਹੈ ਕਿ ਮੈਂ ਪਰਮਾਰਥ ਅਤੇ ਪਰਮਾਤਮ ਗਿਆਨ ਸਬੰਧੀ ਸਭ ਕੁਛ ਜਾਣ ਲਿਆ ਹੈ। ਜਿਨ੍ਹਾਂ ਨੇ ਐਸਾ ਗਿਆਨ ਕੀਤਾ ਹੈ, ਓਹਨਾਂ ਅਭਾਗਿਆਂ ਦੀ ਖੜਦੀ ਕਲਾ ਹੋ ਗਈ ਹੈ। ਓਹਨਾਂ ਦੀ ਹਾਲਤ ਬੜੀ ਹੀ ਤਰਸ ਯੋਗ ਹੋ ਜਾਂਦੀ ਹੈ। ਓਹ ਸਤਸੰਗਤ ਵਿਚ ਵੀ ਜਾਣੋਂ ਰਹਿ ਖੜੋਂਦੇ ਹਨ। ਐਸੇ ਆਕੀ ਹੋ ਜਾਂਦੇ ਹਨ ਕਿ ਕਹਿੰਦੇ ਹਨ, ਸਾਨੂੰ ਸੰਗਤ ਕਰਨ ਦੀ ਲੋੜ ਹੀ ਨਹੀਂ ਰਹੀ।

ਸਭ ਤੋਂ ਭੈੜਪੁਣਾ ਇਹ ਵਾਪਰ ਜਾਂਦਾ ਹੈ ਕਿ ਨਾਮ ਅਭਿਆਸ ਕਰਨੋਂ ਭੀ ਉਚਾਟ ਹੋ ਜਾਂਦੇ ਹਨ। ਗੁਰਮਤਿ ਦੇ ਉਚ ਪਦ ਤੋਂ ਗੁਮਰਾਹ ਹੋ ਕੇ ਓਹਨਾਂ ਨੂੰ ਇਹ ਬਿਮਾਰੀ ਚਿੰਬੜ ਜਾਂਦੀ ਹੈ ਕਿ ਉਹ ਖਰੜ ਗਿਆਨੀ ਹੋ ਜਾਂਦੇ ਹਨ। ਗੁਰਬਾਣੀ ਦੀਆਂ ਤੁਕਾਂ ਦਾ ਭੀ ਉਲਟਾ ਅਰਥ ਕਰਨ ਲਗ ਜਾਂਦੇ ਹਨ। ਨਾਮ ਦੇ ਅਭਿਆਸ ਨੂੰ ਓਹ ਆਮ ਆਨਮਤੀਆਂ ਵਾਲਾ ਕਰਮ ਅਭਿਆਸ ਕੁਸਮਝਣ ਲਗ ਪੈਂਦੇ ਹਨ ਤੇ ਇਹ ਤੁਕ ਅਗੇ ਡਾਹ ਕੇ ਕਹਿੰਦੇ ਹਨ ਕਿ-

ਗਿਆਨੇ ਕਾਰਣ ਕਰਮ ਅਭਿਆਸ॥ ਗਿਆਨ ਭਇਆ ਤਉ ਕਰਮਹ ਨਾਸ॥

ਏਹਨਾਂ ਦੋਹਾਂ ਪੰਗਤੀਆਂ ਦੀ ਵਿਸਥਾਰ ਸਹਿਤ ਵਿਆਖਿਆ ਤਾਂ ਅਸੀਂ ਅਗੇ ਚਲ ਕੇ ਕਰਾਂਗੇ, ਪ੍ਰੰਤੂ ਤਤ-ਭਾਵ-ਦਰਸ਼ਨੀ ਟੂਕ ਦਰਸਾਉਣੀ ਏਥੇ ਭੀ ਪਰਮ ਜ਼ਰੂਰੀ ਹੈ-

ਨਾਮ ਅਭਿਆਸ ਕੋਈ ਆਨਮਤੀ ਕਰਮਾਂ ਜਿਹਾ ਅਭਿਆਸ ਨਹੀਂ। ਨਾਮ ਤਾਂ ਆਪਣੇ ਅਸਲੀ ਗੁਰਮਤਿ ਲੁਗਾਤੀ ਮਾਅਨਿਆਂ ਵਿਚ ਤੱਤ ਗਿਆਨ ਹੈ। ਕਰਮ ਨਹੀਂ, ਜਿਸ ਨੂੰ ਅਸੀਂ ਛਡ ਬਹਿਣਾ ਹੈ। ਇਹ ਤਾਂ ਗਿਆਨ, ਤਤ ਗਿਆਨ, ਕਲਾ-ਸੰਜੁਗਤੀਆਂ ਕਰਮ ਹੈ, ਜਿਸ ਨੂੰ ਕਿ ਗੁਰਮਤਿ ਗਿਆਨੀਆਂ ਭਗਤਾਂ ਨੇ ਤੋੜ ਸਚਖੰਡ ਵਾਸ ਤਾਈਂ ਭੀ ਕਰਨੋਂ ਨਹੀਂ ਹਟਣਾ। ਉਸ ਦੇ ਮਹਾਂ ਅਭਾਗ ਹਨ ਜਿਸ ਨੇ ਇਹ ਕੁਸਮਝ ਆਪਣੇ ਮਨ ਵਿਚ ਵਸਾ ਲਈ ਹੈ।

ਗੁਰਮੁਖ ਗੁਰਸਿਖ ਨੇ ਤਾਂ ਤਦੋਂ ਤਾਈ, ਨਿਬਹੇ ਓੜ ਵਾਲੀ ਬਿਵਸਥਾ ਵਿਚ ਭੀ ਨਾਮ ਨੂੰ ਧਿਆਈ ਜਾਣਾ ਹੈ। ਇਸ ਵਿਚ ਸੰਦੇਹ ਨਹੀਂ ਕਿ ਜਿਉਂ ਜਿਉਂ ਉਹ ਨਾਮ ਧਿਆਏਗਾ ਤਿਉਂ ਤਿਉਂ ਉਸ ਦੀ ਅਨੰਤ ਤਰੰਗਾਂ ਵਿਚ ਨਾਮ-ਧਿਆਵਣੀ ਆਤਮ ਅਵਸਥਾ, ਧਿਆਵਣ-ਆਤਮ ਅਵਸਥਾ ਉਚੀ ਤੋਂ ਉਚੀ, ਅਜਬ ਰੰਗਾਂ ਵਾਲੀ, ਬਿਸਮ ਤਰੰਗਾਂ ਵਾਲੀ ਹੁੰਦੀ ਜਾਏਗੀ, ਪਰ ਉਹ ਨਾਮ ਧਿਆਵਣੋਂ ਕਦੇ ਨਹੀਂ ਹਟੇਗਾ। ਨਾਮ ਧਿਆਵਣ ਦਾ ਸੁਆਦ, ਅਸਲ ਸੁਆਦ, ਬਿਸਮਾਦੀ ਸੁਆਦ ਹੀ ਅਗੇ ਜਾ ਕੇ, ਉਚੇ ਚੜ੍ਹ ਕੇ ਆਏਗਾ।ਜਿਉਂ ਜਿਉਂ ਉਹ ਉਚੇ ਤੋਂ ਉਚੇ ਆਤਮ-ਰੰਗਾਂ ਵਿਚ ਅਰੂੜ ਹੁੰਦਾ ਜਾਵੇਗਾ ਤਿਉਂ ਤਿਉਂ ਉਸ ਦੀ ਨਾਮ ਅਭਿਆਸ ਤਰੰਗਾਂ ਵਾਲੀ ਅਵਸਥਾ ਭੀ ਉਚੀ ਹੁੰਦੀ ਜਾਵੇਗੀ। ਆਤਮ-ਪਰਮਾਤਮ ਸੰਗਮੀ ਮਿਲਾਪ ਦਰਸ਼ਨ ਮੇਲਿਆਂ ਸਨਮੁਖੀ ਪਰਮਾਤਮ ਦਰਸ਼ਨ, ਦਰਸ਼ਨ ਕਰਨਹਾਰੇ ਗੁਰਮੁਖ ਦੀ ਨਾਮ ਅਭਿਆਸ ਦੇ ਰਸ ਨੂੰ ਹੋਰ ਭੀ ਚਾਰ ਚੰਦ ਲਾਵੇਗਾ। ਜਿਉਂ ਜਿਉਂ ਸਨਮੁਖ ਦਰਸ਼ਨਾਂ ਦੇ ਆਨੰਦ ਮਾਣੇਗਾ ਤਿਉਂ ਤਿਉਂ ਉਸ ਦੇ ਨਾਮ ਅਭਿਆਸ ਖੇੜੇ ਵਿਚ ਅਨੂਪਮ ਤੋਂ ਅਨੂਪਮ ਰੰਗ ਰਸ ਖਿੜੇਗਾ।

ਜਿਥੇ ਅਗਮ ਅਗਾਹੁ ਪਾਰਬ੍ਰਹਮ ਵਾਹਿਗੁਰੂ ਅਕਾਲ ਪੁਰਖ ਨਾਮੀ ਦੇ ਪਰੇ ਤੋਂ ਪਰੇ ਦਰਸ਼ਨਾਂ ਦੀ ਥਾਹ ਤਿਥੇ 'ਨਾਮੀ' ਅਕਾਲ ਪੁਰਖ ਦੇ ਨਾਮ ਦੀ ਭੀ ਗਹਿਣ-ਗਤਿ ਕੋਈ ਨਹੀਂ। ਨਾ ਹੀ ਨਾਮ ਦੇ ਅਭਿਆਸ ਦਾ ਪਾਰਾਵਾਰ ਹੈ। ਨਾਮ ਅਭਿਆਸ ਗੁਰਮੁਖ ਜਨ ਦੀ ਜਾਨ, ਰੂਹੋ ਰਵਾਨ ਹੈ ਅਤੇ ਹਰਿ ਜਨ ਇਕ ਦੂੰ ਇਕ ਚੜ੍ਹਦੀਆਂ ਆਤਮ ਬਿਵਸਥਾਂ ਵਿਖੇ ਹੋਰ ਤੋਂ ਹੋਰ ਵਧ ਕਲਿਆਨਕਾਰੀ ਨੀਸ਼ਾਨ ਹੈ। ਤਾਂ ਹੀ ਤੇ ਗੁਰਬਾਣੀ

(ਬਾਕੀ ਪੰਨਾ ੩੭ ਤੇ .)



www.AKJ.Org

# ਨਿਰਭਉ-ਨਿਰਵੈਰ : ਗੁਰੂ ਹਰਿ ਰਾਇ ਜੀ

(ਗੁਰਪੁਰਵਾਸੀ ਪ੍ਰਿੰ: ਸਤਿਬੀਰ ਸਿੰਘ)

ਗੁਰੂ ਹਰਿ ਰਾਏ ਜੀ ਨੇ ਸਾਰੀ ਆਯੂ ਨਿਰਭੈ ਹੋ ਕੇ ਕੱਟੀ। ਸੰਗਤਾਂ ਨੇ ਤਾਂ ਗੁਰੂ ਹਰਿਗੋਬਿੰਦ ਜੀ ਦੇ ਸਸਕਾਰ ਵੇਲੇ ਹੀ ਦੇਖ ਲਿਆ ਸੀ ਕਿ ਉਨ੍ਹਾਂ ਕਿਵੇਂ ਅੱਗੇ ਵਧ. ਕੇ ਚਿਖਾ ਵਿਚ ਛਾਲ ਮਾਰਨ ਵਾਲਿਆਂ ਦੀ ਬਾਂਹ ਪਕੜ ਪਾਸੇ ਕੀਤਾ। ਕਿਸੇ ਦੇ ਡਰ ਭੈ ਵਿਚ ਨਾ ਆਏ। ਆਰੰਭ ਵਿਚ ਵੱਡੇ ਭਰਾ ਧੀਰ ਮੱਲ ਨੇ ਡਰ ਡਰਾਵੇ ਦਿੱਤੇ। ਉਸ ਸ਼ਾਹ ਜਹਾਨ ਨਾਲ ਬਣਾ ਵੀ ਲਈ। ਪਰ ਆਪ ਜੀ ਬੇਪਰਵਾਹ ਵਿਚਰਦੇ ਰਹੇ। ਫੌਜਾਂ ਰੱਖੀਆਂ, ਕਿਲ੍ਹੇ ਉਸਾਰੇ, ਫਸੀਲਾਂ ਬਣਾਈਆਂ, ਨਗਾਰੇ ਵਜਾਏ, ਝੰਡੇ ਝੁਲਾਏ, ਦੁਖੀਆਂ ਨੂੰ ਪਨਾਹਾਂ ਦਿੱਤੀਆਂ, ਸੋਹਣ ਵਰਗੇ ਦੀਵਾਨ ਨੂੰ ਜਦ ਗੁਰੂ-ਸੇਵੀ ਹੋਣ ਕਾਰਨ ਬਿਲਾਸਪੁਰ ਦੇ ਰਾਜੇ ਨੇ ਦੇਸ਼-ਨਿਕਾਲਾ ਦਿੱਤਾ ਤਾਂ ਜਾਗੀਰ ਛੱਡਣੀ ਤਾਂ ਪਰਵਾਨ ਕਰ ਲਈ ਪਰ ਸੋਹਣ ਨੂੰ ਪੂਰਾ ਆਦਰ ਦਿੱਤਾ।

ਜਦ ਪਹਾੜੀ ਰਾਜੇ ਰੁਅਬ ਪਾਉਣ ਦੇ ਖ਼ਿਆਲ ਨਾਲ ਆਏ ਤਾਂ ਐਸੇ ਬਚਨ ਬੋਲੇ ਕਿ ਹੰਕਾਰੀਆਂ ਦਾ ਹੰਕਾਰ ਚਲਿਆ ਗਿਆ। ਰਾਜ ਦੇ ਪਹਿਲਵਾਨਾਂ ਨੂੰ ਸਾਧਾਰਨ ਸਿੱਖਾਂ ਕੋਲੋਂ ਹੀ ਹਰਵਾ ਦਿੱਤਾ।

ਇਕ ਵਾਰੀ ਦਾਰਾ ਦੀ ਬਾਂਹ ਫੜ ਲਈ ਤਾਂ ਅਖੀਰ ਤਕ ਨਾ ਛੱਡੀ। ਔਰੰਗਜ਼ੇਬ ਨੇ ਕਈ ਵਾਰੀ ਹਮਲੇ ਕੀਤੇ ਪਰ ਆਪ ਜੀ ਰਤਾ ਭਰ ਵੀ ਉਤੇਜਤ ਨਾ ਹੋਏ। ਔਰੰਗਜ਼ੇਬ ਨੇ ਝਬਾਲ ਦੀ ਅਕਬਰ ਵਾਲੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਪਰ ਆਪ ਜੀ ਨੇ ਗੱਲ ਹੀ ਨਾ ਗੌਲੀ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਜਦ ਔਰੰਗਜ਼ੇਬ ਦੇ ਸਾਰੇ ਹਮਲੇ ਨਿਸਫਲ ਹੋ ਗਏ ਤੇ ਉਸ ਹੀਲੇ ਕੀਤੇ ਕਿ ਗੁਰੂ ਪਾਤਸ਼ਾਹ ਨੂੰ ਕਿਸੇ ਤਰ੍ਹਾਂ ਜ਼ੇਰ ਕੀਤਾ ਜਾਏ। ਮਹਾਰਾਜ ਦਾ ਇਹ ਹੀ ਉਤਰ ਸੀ ਕਿ 'ਅਸਾਂ ਕੋਈ ਉਸ ਦਾ ਖਿਰਾਜ ਨਹੀਂ ਦੇਣਾ ਤੇ ਨਾ ਮੈਨੂੰ ਕੁਝ ਲੈਣ ਦੀ ਖਾਹਿਸ਼ ਹੈ। ਐਸੇ ਧਰੋਹੀ ਦੁਸ਼ਟ ਨਾਲ ਕਦੇ ਮੇਲ ਨਹੀਂ ਕਰਨਾ-ਜਿਸ ਭਰਾਵਾਂ ਨੂੰ ਮਾਰਿਆ, ਪਿਤਾ ਨੂੰ ਕੈਦ ਕੀਤਾ, ਸੰਤ ਮਹਾਤਮਾ, ਫਕੀਰਾਂ ਨੂੰ ਤਸੀਹੇ ਦਿੱਤੇ ਅਤੇ ਸਰਮਦ ਵਰਗੇ ਖੁਦਾ ਪਿਆਰੇ ਨੂੰ ਕਤਲ ਕੀਤਾ ਹੈ।' ਤਾਂ ਹੀ ਤਾਂ ਇਤਿਹਾਸਕਾਰਾਂ ਲਿਖਿਆ ਹੈ :-

ਮਨ ਮੈਂ ਨ ਧਾਰਾ ਡਰ, ਜ਼ਰਾ ਭਰ ਸ਼ਾਹਿ ਕੇ।

ਜਦ ਖਬਰ ਪੁੱਜੀ ਕਿ ਵੱਡੇ ਪੁੱਤਰ ਰਾਮ ਰਾਇ ਨੇ ਖੁਸ਼ਾਮਦ ਵਿਚ ਆ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਤੁਕ ਦਾ ਇਕ ਸ਼ਬਦ ਬਦਲਾਇਆ ਹੈ ਤਾਂ ਨਾ ਸਿਰਫ ਉਸ ਨੂੰ ਤਿਆਗਿਆਂ ਹੀ ਸਗੋਂ ਇਹ ਭੀ ਕਿਹਾ ਕਿ ਨਲਾਇਕ ਅਤੇ ਥੋੜ੍ਹੀ ਅਕਲ ਵਾਲੇ ਨੂੰ ਕੀ ਹੱਕ ਹੈ ਜੋ ਗੁਰੂ ਨਾਨਕ ਦੇ ਵਾਕ ਉਲਟਾਏ । ਗੁਰੂ ਨਾਨਕ ਸੱਚਾ ਪ੍ਰਾਤਸ਼ਾਹ ਹੈ। ਗੌਰਾ ਉਨ੍ਹਾਂ ਦਾ ਆਪਣਾ ਨਿਕਟਵਰਤੀ ਸੀ; ਭਾਈ ਭਗਤੂ ਦਾ ਜੋਧਾ ਪੁੱਤਰ ਸੀ ਪਰ ਜਦ ਉਸ ਨੇ ਨਿਰਦੋਸ਼ ਭਾਈ ਜੱਸੇ ਦਾ ਸਿਰ ਲਾਹ ਦਿੱਤਾ ਤਾਂ 'ਹਤਿਆਰਾ' ਤਕ ਕਹਿਣ ਤੋਂ ਸੰਕੋਚ ਨਾ ਕੀਤਾ।

ਜ਼ੈਦ ਪੁਰਾਣੇ ਵਾਲਿਆਂ ਬਾਰੇ ਜਦ ਸੁਣਿਆ ਕਿ ਉਹ ਹੰਕਾਰੀ ਕਾਲੇ ਕਿਆਂ ਦੀਆਂ ਔਰਤਾਂ ਤਕ ਨੂੰ ਠੱਠਾ-ਮਸਖਰੀ ਕਰਦੇ ਹਨ ਤਾਂ ਉਸ ਦਾ ਪਰਹਾਰ ਕਰਵਾਇਆ। ਉਸ ਦੇ ਸਾਰੇ ਵਾਰ ਆਪਣੇ 'ਤੇ ਝੱਲੇ।

ਪਖੰਡੀਆਂ, ਦੰਭੀਆਂ ਨੂੰ ਆਪ ਜੀ ਆੜੇ ਹੱਥੀਂ ਲੈਂਦੇ ਸਨ। ਬ੍ਰਾਹਮਣਾਂ ਦੀਆਂ ਕੁਚਾਲਾਂ ਤੋਂ ਪੰਥ ਨੂੰ ਸੁਚੇਤ ਕੀਤਾ ਤੇ ਸਿੱਖੀ ਮਰਯਾਦਾ ਦ੍ਰਿੜ ਕਰਾਂਦੇ ਰਹੇ। ਭਾਈ ਨੰਦ ਲਾਲ ਜੀ ਨੇ ਇਸੇ ਲਈ ਉਨ੍ਹਾਂ ਨੂੰ ਮੌਤ ਦੇ ਫੰਧੇ ਨੂੰ ਤੋੜਨ ਵਾਲਾ ਅਤੇ ਜਮਰਾਜ ਨੂੰ ਵੀ ਨੀਵਾਂ ਦਿਖਾਲਣ ਵਾਲਾ ਕਿਹਾ ਹੈ। ਉਨ੍ਹਾਂ ਦਾ ਨਾਮ ਹੀ ਅਜਿਹਾ ਹੈ । ਗੁਰੂ-ਪਾਤਸ਼ਾਹ ਜੀ ਤਾਂ ਹੰਕਾਰੁ ਵਿਚ ਮਤੇ ਰੁਸਤਮ ਤੇ ਬਹਮਨ ਵਰਗੇ, ਜੋ ਆਸਮਾਨ ਤੋਂ ਉੱਚੀਆਂ ਗੱਲਾਂ ਕਰਦੇ ਸਨ, ਦਾ ਪੰਜਾ ਮਰੋੜ ਦਿੰਦੇ ਹਨ। ਵੱਡੇ ਵੱਡੇ ਸ਼ਸਤ੍ਰਧਾਰੀ ਉਨ੍ਹਾਂ ਅੱਗੇ ਸਿਰ ਝੁਕਾਦੇ ਹਨ। ਉਨ੍ਹਾ ਦੀ ਤਕਣੀ ਹੀ ਬੱਬਰ ਸ਼ੇਰ ਨੂੰ ਪਾਲਤੂ ਬਣਾ ਦੇਂਦੀ ਹੈ। ਉਹ ਬਾਗੀਆਂ ਤੇ ਸਿਰ-ਫਿਰਿਆਂ ਦਾ ਸਿਰ ਕਲਮ ਕਰਨ ਵਾਲੇ ਹਨ। ਕੋਈ ਬਾਗੀ ਸਿਰ ਨਹੀਂ ਉਠਾ ਸਕਿਆ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ੨੨੦੦ ਚੋਣਵੇਂ ਸਵਾਰਾਂ ਦੀ ਇਕ ਫੌਜ ਬਣਾਈ ਸੀ ਜਿਸ



www.AKJ.Org

ਦਾ ਨਾਂ ਹੀ "ਗੁਰੂ ਹਰਿ ਰਾਇ ਜੀ ਦਾ ਡੇਰਾ" ਰੱਖਿਆ ਸੀ ਜਦ ਵੀ ਕੋਈ ਮੁਹਿੰਮ ਸਰ ਨਾ ਹੋਵੇ ਉਸ ਵੇਲੇ ਉਨ੍ਹਾਂ ਸਵਾਰਾਂ ਦੀ ਫੌਜ ਭੇਜੀ ਜਾਂਦਾ ਸੀ ਅਤੇ ਜਿੱਤਾਂ ਪ੍ਰਾਪਤ ਹੁੰਦੀਆਂ ਸਨ।

ਦੂਜੇ ਪਾਸੇ ਨਿਰਵੈਰ ਹਲੀਮ ਸ਼ਾਂਤ-ਚਿੱਤ, ਸੰਤੋਖੀ, ਦਾਤੇ ਤੇ ਕੋਮਲ ਇਤਨੇ ਕਿ ਪਿਆਰ ਹੀ ਵੰਡਦੇ ਰਹੇ। ਕਨਿੰਘਮ ਨੇ ਠੀਕ ਲਿਖਿਆ ਹੈ ਕਿ ਉਨ੍ਹਾਂ ਦੀ ਸਾਰੀ ਕਾਰ ਵਿਚ ਹਲੀਮੀ ਭਰੀ ਸੀ। ਸਰਬ ਥਾਈਂ ਬਹੁਤ ਹੀ ਮਾਣ ਤੇ ਸਤਿਕਾਰ ਪਾਇਆ।

ਜਿਤਨੇ ਇਹ ਭਾਈ ਤੇ ਸਰਦਾਰ ਹਨ, ਉਨ੍ਹਾਂ ਦੀ ਰਹਿਮਤ ਸਦਕਾ ਹੀ ਵਰੋਸਾਏ ਗਏ ਹਨ।

ਲਤੀਫ ਨੇ ਵੀ ਇਹ ਹੀ ਲਿਖਿਆ ਹੈ ਕਿ ਉਹ ਸ਼ਾਂਤ ਚਿੱਤ, ਸੰਤੋਖੀ ਤੇ ਮਿੱਠਬੋਲੜੇ ਸਨ।

ਗਰੀਨ ਲੀਜ਼ ਨੇ ਗੌਸਪਲ ਔਫ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹਰਿ ਰਾਇ ਨੂੰ ਮੂਰਤ ਹੀ ਦਇਆ (ਮਰਸੀ) ਦੀ ਕਿਹਾ ਹੈ।

ਭਾਈ ਗੁਰਦਾਸ ਦੂਜੇ ਨੇ 'ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ' ਵਿਚ ਗੁਰੂ ਹਰਿ ਰਾਇ ਜੀ ਦੀ ਮਹਿਮਾ ਕਰਦੇ ਲਿਖਿਆ ਹੈ ਕਿ 'ਉਨ੍ਹਾਂ ਨੇ ਐਸੀ ਕਮਾਈ ਕਰ ਲਈ ਸੀ ਕਿ ਸਦਾ ਹੀ ਸਮਾਧੀ ਸਥਿਤ ਰਹੇ। ਜਿਸ ਚੁਭੀ ਰਹੀ ਸੁਰਤਿ ਪ੍ਰਭ ਚਰਨਨ ਦਾ ਜ਼ਿਕਰ ਕਲਗੀਧਰ ਨੇ ਕੀਤਾ ਹੈ, ਉਹ ਹੀ ਅਵੱਸਥਾ ਸਤਵੇਂ ਪਾਤਸ਼ਾਹ ਦੀ ਹੈ। ਇਤਨੀਆਂ ਸ਼ਕਤੀਆਂ ਦੇ ਮਾਲਕ ਹੋ ਕੇ ਵੀ ਕਦੇ ਆਪਾ ਨਾ ਜਣਾਇਆ। "ਜਿਨਿ ਹਰਿ ਪਾਇਓ ਤਿਨਹਿ ਛਪਾਇਓ" ਉਨ੍ਹਾਂ 'ਤੇ ਹੀ ਢੁੱਕਦਾ ਹੈ।' ਵਾਰ ਦੀ ਪਉੜੀ ਦੇ ਸ਼ਬਦ ਹਨ :

ਸਪਤਮ ਮਹਿਲ ਅਗਮ ਹਰਿ ਰਾਇਆ । ਜਿਨ ਸੁੰਨ ਧਿਆਨ ਕਰਿ ਜੋਗ ਕਮਾਇਆ।
ਚੜ੍ਹਿ ਗਗਨ ਗੁਫਾ ਮਹਿ ਰਹਿਓ ਸਮਾਈ। ਜਹਾ ਬੈਠ ਅਡੋਲ ਸਮਾਧਿ ਲਗਾਈ।
ਸਭ ਕਲਾ ਖੈਂਚ ਕਰਿ ਗੁਪਤ ਰਹਾਯੰ। ਤਹਿ ਅਪਨ ਰੂਪ ਕੋ ਨਹਿ ਦਿਖਲਾਯੰ।੨੨।

ਦਇਆਲੂ ਇਤਨੇ ਕਿ ਜਦੋਂ ਸੁਣਿਆ ਕਿ ਦਾਰਾ ਅਸਾਧ ਰੋਗ ਨਾਲ ਪੀੜਤ ਹੈ ਤੇ ਜਿਨ੍ਹਾਂ ਦਵਾਈਆਂ ਨਾਲ ਅਰੋਗ ਹੋ ਸਕਦਾ ਹੈ ਉਹ ਉਨ੍ਹਾਂ ਦੇ ਹੀ ਸਫ਼ਾਖਾਨੇ ਵਿਚ ਹਨ ਤਾਂ ਤੁਰੰਤ ਭੇਜ ਦਿੱਤੀਆਂ। ਸ਼ਾਹਜਹਾਨ ਦੀਆਂ ਕੀਤੀਆਂ ਜੰਗਾਂ ਨੂੰ ਵਿਚਾਰ ਵਿਚਕਾਰ ਨਹੀਂ ਪੈਣ ਦਿੱਤਾ। 'ਰੱਖ' ਜੋ ਉਨ੍ਹਾਂ ਬਣਾਈ ਉਥੇ ਸ਼ੇਰ ਬੱਕਰੀ ਸੱਚਮੁੱਚ ਇਕੋ ਹੀ ਘਾਟ ਪਾਣੀ ਪੀਂਦੇ ਸਨ। ਕੋਮਲ ਇਤਨੇ ਕਿ ਦੋ ਪਹਿਰ ਇਕ ਥਾਂ ਹੀ ਟਿਕ ਰਹੇ ਕਿ ਮਤਾਂ ਕੁ ਹਿੱਲਣ ਨਾਲ ਕਿਤੇ ਭਾਈ ਗੋਂਦੇ ਦੇ ਪਿਆਰ ਵਿਚ ਵਿਘਨ ਪਏ। ਭਾਉ ਭਗਤ ਦੇ ਪ੍ਰੇਮੀ ਇਤਨੇ ਕਿ ਇਕ ਵਾਰ ਪ੍ਰਸ਼ਾਦ ਛਕਣ ਤੋਂ, ਬਾਅਦ ਫਿਰ ਦਿਹਾੜੀ ਮੂੰਹ ਹੀ ਨਾ ਪਾਉਂਦੇ। ਲੋਕ ਦਰਦੀ ਇਤਨੇ ਕਿ ਪੰਜਾਬ ਵਿਚ ਕਾਲ ਪੈਣ ਦੀ ਖਬਰ ਸੁਣ ਕੇ ਹੁਕਮਨਾਮੇ ਪਠਾਏ ਕਿ ਕਾਰ ਭੇਟ ਉਥੇ ਹੀ ਵਰਤੋਂ। ਲੰਗਰ ਚਲਾਓ। ਭੁੱਖਾ ਕੋਈ ਰਹਿਣ ਨਾ ਪਾਵੇ। ਮੇਰੀ ਖੁਸ਼ੀ ਉਸੇ ਸਿੱਖ 'ਤੇ ਹੈ ਜੋ ਸਮੇਂ ਘੁੱਥੇ ਅਤਿਥੀ ਨੂੰ ਭਾਉ ਕਰ ਪ੍ਰਸ਼ਾਦ ਛਕਾਏ। ਗਰੀਨ ਲੀਜ਼ ਨੇ ਸੋਹਣਾ ਲਿਖਿਆ ਹੈ ਕਿ ਉਨ੍ਹਾਂ ਵਰਗਾ ਮਹਿਮਾਨ-ਨਿਵਾਜ਼ ਕੋਈ ਨਹੀਂ ਸੀ। ਬੜੇ ਖੁਸ਼ ਹੁੰਦੇ ਪ੍ਰਸ਼ਾਦ ਛਕਾ ਕੇ। ਆਪੂ ਹਮੇਸ਼ਾਂ ਸਾਰੀ ਜ਼ਿੰਦਗੀ ਹੀ ਪਿਛੋਂ ਖਾਧਾ। ਅਲੋਪ ਇਤਨੇ ਕਿ ਘੰਟਿਆਂ ਬੱਧੀ ਇਕੱਲਿਆਂ ਹੀ ਜੰਗਲਾਂ ਦੀ ਸੈਰ ਕਰਕੇ ਰਹਿੰਦੇ। ਦਾਤੇ ਇਤਨੇ ਕਿ "ਦੇਦਾ ਦੇ ਲੈਦੇ ਥਕਿ ਪਾਹਿ", ਦੇ ਅਰਥ ਲੱਗਦੇ। ਏਸ ਕਾਰਨ ਤਾਂ ਗੁਰ ਪ੍ਰਣਾਲੀ ਦੇ ਲਿਖਾਰੀਆਂ ਨੇ ਲਿਖਿਆ :

"ਜਾ ਕੇ ਦਰਬਾਰ ਦੀਸੈ ਨਾਹਿ ਕੋ ਮੰਗਤਾ।"

ਕ੍ਰਿਪਾਲੂ ਇਤਨੇ ਕਿ ਘੋੜ੍ਹੇ ਨੂੰ ਦੌੜਾਂਦੇ ਤਾਂ ਜੇ ਬੱਚਾ ਵੀ ਤ੍ਰਭਕ ਕੇ ਡਿੱਗਾ ਤਾਂ ਰੁਕ ਕੇ ਚੁੱਕਿਆ ਤੇ ਛਾਤੀ ਨਾਲ ਲਾਇਆ ਅਤੇ ਪਿਆਰ ਦਿਤਾ।

ਬਾਣੀ ਦਾ ਸਤਿਕਾਰ ਇਤਨਾ ਕਿ ਗੋਡੇ 'ਤੇ ਚੋਟ ਤਾਂ ਲਗਵਾ ਲਈ ਪਰ ਸਨਮਾਨ ਵਿਚ ਢਿੱਲਾ ਨਾ ਪੈਣ ਦਿੱਤੀ। ਪੁੱਤਰ ਤਿਆਗ ਦਿੱਤਾ ਪਰ ਬਾਣੀ ਦਾ ਅਪਮਾਨ ਨਾ ਸਹਾਰਿਆ। ਗੁਰਬਾਣੀ ਨਾਲ ਪਿਆਰ ਇਤਨਾ ਕਿ ਆਪੂ ਕਥਾ ਕਰ ਕੇ ਰਮਜ਼ਾਂ ਖੋਲ੍ਹਦੇ। ਫਕੀਰੀ ਦੀ ਧਾਂਕ ਇਤਨੀ ਕਿ ਦੂਰੋਂ-ਦੂਰੋਂ ਫਕੀਰ, ਸਾਧੂ ਆ ਕੇ ਅਟਕਾਂ ਹਟਾਂਦੇ। ਬੋਲਦੇ ਤਾਂ ਵੇਦ ਦਾ ਗਿਆਨ ਅੰਦਰ ਪ੍ਰਕਾਸ਼ ਹੋ ਜਾਂਦਾ। "ਬਿਧਿ ਬੇਦਨ ਭਾਸ਼ਨ


www.AKJ.Org

ਸਵਤੈ ਪ੍ਰਕਾਸ਼ਮਾਨ।'' ਸਾਰੀ ਸ੍ਰਿਸ਼ਟੀ ਉਨ੍ਹਾਂ ਦੀ ਆਤਮਕ ਉੱਚਤਾ ਹੀ ਦ੍ਰਿੜਾਂਦੀ ਅਤੇ 'ਕੋਈ ਪ੍ਰੀਤ ਵੰਤ ਹੋ ਕੇ ਸ਼ੁੱਧ ਹਿਰਦੇ ਦਰਸ਼ਨ ਕੋ ਜਾਤਾ, ਜਿਸ ਮਨੋਰਥ ਕੀ ਇੱਛਾ ਕਰਤਾ, ਤਤਕਾਲ ਹੀ ਪ੍ਰਾਪਤ ਹੁੰਦਾ।' ਜਿਨ੍ਹਾਂ ੧੨ ਬਖਸ਼ਿਸ਼ਾਂ ਨੇ ਸਿੱਖੀ ਹਿੰਦੁਸਤਾਨ ਅਤੇ ਉਸ ਤੋਂ ਬਾਹਰ ਕੋਨਿਆਂ ਤੱਕ ਫੈਲਾਈ, ਉਨ੍ਹਾਂ ਵਿਚੋਂ ਕਈ ਆਪ ਜੀ ਦੀ ਅਸੀਸ ਨਾਲ ਬਣੀਆ ਸਨ।

''ਭਗਤਿ ਗਿਰ'' ਵਰਗੇ ਸਾਧੂਆਂ ਨੂੰ ਸਿੱਖੀ ਪਰਚਾਰ ਲਈ ਲਗਾ ਦੇਣਾ ਆਪ ਜੀ ਦੀ ਸ਼ਖਸੀਅਤ ਦਾ ਹੀ ਚਮਤਕਾਰ ਸੀ।

ਗੁਰੂ ਹਰਿ ਰਾਇ ਜੀ ਦੀਆਂ ਦੇਣਾਂ ਤੇ ਦਾਤਾਂ ਦਾ ਕੋਈ ਪਾਰਾਵਾਰ ਹੀ ਨਹੀ ਹੈ। ਇਹ ਬੜੇ ਗਹੁ ਨਾਲ ਵਾਚਣ ਵਾਲੀ ਗੱਲ ਹੈ ਕਿ ਭਾਈ ਨੰਦ ਲਾਲ ਜੀ ਨੇ ਉਨ੍ਹਾਂ ਦਾ ਨਾਮ ਗੰਜ-ਨਾਮਾ ਵਿਚ 'ਕਰਤਾ ਹਰਿ ਰਾਇ' ਲਿਖਿਆ ਹੈ। ਉਹ ਕਿਤਨੀਆਂ ਹੀ ਸੰਸਥਾਵਾਂ, ਮਰਿਯਾਦਾਵਾਂ, ਰਾਜਾਂ, ਸਰਦਾਰੀਆਂ ਤੇ ਨਿਯਮਾਂ ਦੇ ਕਰਤਾ ਸਨ । ਸਿੱਖੀ ਲੋਕ-ਲਹਿਰ ਬਣ ਗਈ।

ਗੁਰਧਾਮਾਂ ਦੀ ਯਾਤਰਾ ਵੇਲੇ ਕੋਈ ਖੋਹਾ-ਖਾਹੀ ਨਾ ਕਰੇ, ਇਸ ਲਈ ਆਪੂੰ ਸੰਜਮ ਰੱਖ ਕੇ ਦੱਸਿਆ। ਨਨਕਾਣਾ ਸਾਹਿਬ, ਅੰਮ੍ਰਿਤਸਰ, ਗੋਇੰਦਵਾਲ, ਡੇਹਰਾ ਸਾਹਿਬ, ਲਾਹੌਰ ਭੁੰਜੇ ਹੀ ਆਸਨ ਰੱਖਿਆ। ਲੰਗਰ ਦੀ ਮਰਯਾਦਾ ਬੱਧੀ। ਆਦੇਸ਼ ਦਿਤਾ ਕਿ 'ਜੇ ਕੋਈ ਧਰਮਸਾਲ ਜਾਏ ਤਾਂ ਭਾਵੇਂ ਚੁਟਕੀ ਕੁ ਆਟਾ ਲੈ ਜਾਏ' ਦਾ ਹੁਕਮ ਦੇ ਕੇ ਸਿੱਖ ਦੀ ਬ੍ਰਿਤੀ ਲੈਣ ਨਾਲੋਂ ਦੇਣ ਦੀ ਬਣਾਈ ਤਾਂ ਜੋ ਧਰਮਸਾਲ ਦੀ ਝਾਕ ਨਾ ਰਹੇ ।

ਇਹ ਹੁਕਮ ਵੀ ਕੀਤਾ ਕਿ ਲੰਗਰ ਸ਼ੁਰੂ ਹੋਣ 'ਤੇ ਨਗਾਰਾ ਜ਼ਰੂਰ ਹੋਵੇ ਤਾਂ ਕਿ ਇਹ ਕੋਈ ਨਾ ਆਖ ਸਕੇ ਕਿ ਸੱਦਾ ਨਹੀਂ ਦਿੱਤਾ ਗਿਆ। ਸਿੱਖਾਂ ਦਾ ਸੁਭਾਅ ਹੀ ਬਣ ਗਿਆ ਕਿ ਪ੍ਰਸ਼ਾਦ ਛਕਣ ਵੇਲੇ ਇਕੱਲਿਆਂ ਵੀ ਹੁੰਦੇ ਤਾਂ ਆਵਾਜ਼ ਉੱਚੀ ਮਾਰ ਲੈਂਦੇ। ਨਾਦਰ ਸ਼ਾਹ ਜਦ ਹਮਲਾਵਰ ਹੋਇਆਂ ਤਾਂ ਇਹ ਗੁਣ ਸੁਣ ਹੈਰਾਨ ਹੋਇਆ ਸੀ। ਉਸ ਕਿਹਾ ਵੀ ਸੀ ਕਿ ਜੇ ਉੱਚੀ ਆਵਾਜ਼ ਸੁਣ ਕੋਈ ਦੁਸ਼ਮਣ ਆ ਜਾਏ ਤਾਂ ਇਹ ਸਿੱਖ ਲੋਕ ਕੀ ਕਰੇ ਹਨ ? ਜ਼ਕਰੀਆਂ ਖਾਨ ਨੇ ਕਿਹਾ ਸੀ :

ਉਸ ਸਮੇਂ ਬੈਬੀ ਕਿਮ ਆਵੈ। ਪਰਮ ਮੀਤ ਸਮ ਤੋਹਿ ਛਕਾਵੈ।

ਅਗਲਾ ਸਵਾਲ ਸੀ- 'ਆਪ ਫਿਰ ਕੀ ਖਾਂਦੇ ਹਨ ? ਤਾਂ ਜ਼ਕਰੀਆਂ ਨੇ ਕਿਹਾ ਸੀ :

''ਬੱਚੇ ਤੇ ਆਪ ਖਲੇ ਹੈਂ। ਨਹੀਂ ਤੋਂ ਲੰਗਰ ਮਸਤ ਬਤੇਂ ਹੈ।''

ਇਹ ਜਾਚਾਂ ਗੁਰੂ ਹਰਿ ਰਾਇ ਜੀ ਨੇ ਸਿਖਾਲੀਆਂ ਸਨ।

ਇਤਿਹਾਸ ਨੂੰ ਸਾਂਭਣ ਵੱਲ ਵੀ ਆਪ ਜੀ ਨੇ ਹੀ ਪ੍ਰੇਰਨਾ ਦਿੱਤੀ। ਆਪ ਜੀ ਦੀ ਹੀ ਪੁੱਤਰੀ ਬੀਬੀ ਰੂਪ ਕੌਰ ਜੀ ਨੇ 'ਸਤਿਗੁਰੂ ਜੀ ਕੇ ਮੂਹੇ ਕੀਆਂ ਸਾਖੀਆਂ' ਇਕੱਤ੍ਰ ਕੀਤੀਆਂ। ਆਪ ਜੀ ਦੇ ਬਚਨ ਪੜ੍ਹ ਕੇ ਪਤਾ ਲੱਗਦਾ ਹੈ ਕਿ ਆਪ ਜੀਵਨ ਦੇ ਹਰ ਪੱਖ ਨੂੰ ਸੰਵਾਰਨ ਲਈ ਰਾਹ ਦੇ ਚਿਰਾਗ ਰੋਸ਼ਨ ਕਰ ਰਹੇ ਸਨ। ਕੁਝ ਕੁ ਬਚਨ ਇਸ ਪ੍ਰਕਾਰ ਹਨ :

- ਬਿਗੜ ਰੂਪ ਅਹੰਕਾਰ ਹੈ। ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।
- ਪਾਪਾਂ ਦਾ ਮੂਲ ਲੋਭ ਹੈ:
- ਸਿੱਖ ਦੇ ਗੁਜ਼ਰਨ 'ਤੇ ਕਦੇ ਨਹੀਂ ਕਹਿਣਾ ਮੋਇਆ ਹੈ ਜਾਂ ਜਮ ਲੈ ਗਿਆ ਹੈ। ਆਖਣਾ-ਅਕਾਲ ਪਾਸ ਗਿਆ ਹੈ।
- ਗੁਰੂ ਦੀ ਖੁਸ਼ੀ ਉਤੇ 'ਤੇ ਹੈ ਜੋ ਸਮੇਂ ਘੁਥਿਓਂ ਆਏ ਅਤਿਥੀ ਨੂੰ ਰੁਚਿ ਕਰ ਪ੍ਰਸ਼ਾਦ ਛਕਾਂਦਾ ਹੈ।
- ਮਨ ਜਾਗੇ ਕੀ ਇਹੀ ਨਿਸ਼ਾਨੀ। ਪ੍ਰਿਯ ਲਾਗਹਿ ਸਤਿਗੁਰ ਬਾਨੀ।
- ਅਥਾਪ ਵਸਤੂ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ।
- ਜਿਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।
- ਕਮਾਈ ਵਿਚੋਂ ਜਿਸ ਦਸਵੰਧ ਦਿੱਤਾ। ਉਸ ਘਰ ਸਭੇ ਸੁਖ।
- ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।

(ਬਾਕੀ ਪੰਨਾ ੩੩ ਤੇ .....)



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਧਰਮ-ਯੁੱਧ

(ਪ੍ਰੋਫੈਸਰ ਜੋਗਿੰਦਰ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਧਰਮ-ਯੁੱਧ ਦਾ ਜੀਵਨ ਸੀ। ਧਰਮ ਦੀ ਸਥਾਪਨਾ ਉਹਨਾ ਦੇ ਜੱਗ-ਜੀਵਨ ਦਾ ਮੁਖ ਉਦੇਸ਼ ਸੀ, ਦੋਖੀਆਂ, ਦੁਸ਼ਟਾਂ ਅਤੇ ਕਬੁਧਿ ਨੂੰ ਪਛਾੜਨਾ ਉਹਨਾਂ ਦੇ ਜੀਵਨ ਦਾ ਨਿਰੰਤਰ ਸੰਘਰਸ਼ ਸੀ। ਗੁਰੂ- ਪ੍ਰੰਪਰਾ ਦੀ ਜਿਸ ਜੋਤਿ ਤੇ ਜੁਗਤਿ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ ਘੜਿਆ ਤੇ ਸਿਰਜਿਆ ਗਿਆ, ਉਸ ਗੁਰੂ-ਪ੍ਰੰਪਰਾ ਦਾ 'ਆਦਰਸ਼' ਵੀ ਧਰਮ-ਯੁੱਧ ਹੀ ਸੀ। 'ਧਰਮ' ਗੁਰੂ ਦੇ ਮੁੱਖ, ਅਨੁਭਵ ਦੇ ਅਮਲ ਵਿਚ ਸੀ ਤੇ 'ਯੁੱਧ' ਗੁਰੂ ਦੇ ਚਿਤ, ਆਚਾਰ ਤੇ ਵਿਹਾਰ ਵਿਚ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ-ਯੁੱਧ ਦਾ ਜੋ ਸਰੂਪ ਤੇ ਆਦਰਸ਼ ਉਲੀਕਿਆ ਸੀ, ਜਾਂ ਆਪਣੀ ਜੀਵਨ-ਕ੍ਰਿਆ ਰਾਹੀਂ ਮੂਰਤੀਵਾਨ ਕੀਤਾ ਸੀ, ਉਹ 'ਧਰਮ-ਯੁੱਧ' ਅੰਦਰੋਂ ਬਾਹਰੋਂ ਨਿਰਮਲ ਤੇ ਨੇਕੀ ਵਾਸਤੇ ਹੀ ਸੀ, ਤੇ ਸ਼ੁੱਧ ਰੂਪ ਵਿਚ ਅਧਿਆਤਮਿਕ ਸੀ। ਗੁਰੂ ਹਰਿਗੋਬਿੰਦ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਵਿਚ ਇੰਨਾ ਬੱਲ ਧਰਤੀ ਜਾਂ ਰਾਜ-ਸੱਤਾ ਦੇ ਕਬਜ਼ੇ ਉਤੇ ਨਹੀਂ, ਜਿਨਾ ਬੱਲ 'ਦੁਸ਼ਟਾਂ' ਨੂੰ ਪਛਾੜਨ ਤੇ 'ਕਬੁਧਿ' ਕਰਨ ਤੋਂ ਲੋਕਾਂ ਨੂੰ ਹਟਾਣ ਉਤੇ ਦਿੱਤਾ ਹੈ। ਗੁਰੂ ਗੋਬਿੰਦ ਜੀ ਦੇ ਧਰਮ-ਯੁੱਧ ਵਿਚ 'ਵਾਸ਼ਨਾ' ਜਾਂ 'ਮੈਂ-ਮੇਰੀ' ਦੀ ਕੋਈ ਥਾਂ ਨਹੀਂ। ਮਾਨਸ ਜਾਤਿ ਦੇ ਹਰ ਅੰਗ ਨੂੰ ਧਰਮ ਤੇ ਧਰਮ ਦੇ ਸੱਚ-ਆਚਾਰ ਵਾਂਗ ਸਿਰਜਨਾ, ਇਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਅਦੁੱਤੀ ਚਾਅ ਸੀ। ਨਾਲੇ ਉਹਨਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ, ਕਿ 'ਧਰਮ' ਇਕ ਅਜਿਹਾ ਸਰੋਤ ਹੈ, ਜਿਥੋਂ ਪ੍ਰਭੂ ਦੇ ਪੰਥ ਦਾ ਗਿਆਨ ਹੋ ਸਕਦਾ ਹੈ, ਸੰਤ-ਸੱਤਾ ਨੂੰ ਉਭਾਰਿਆ ਜਾ ਸਕਦਾ ਹੈ, ਵਿਸ਼ੇ ਤੇ ਵਾਸ਼ਨਾ ਨਾਲ ਸ਼ਿੰਗਾਰੀ ਕਬੁਧਿ ਨੂੰ ਹਟਾਇਆ ਜਾ ਸਕਦਾ ਹੈ, ਅਨਭਉ ਦੇ ਅਕਾਲੀ ਪ੍ਰਕਾਸ਼ ਪ੍ਰਾਪਤ ਕੀਤਾ ਜਾ ਸਕਦਾ ਹੈ, ਮੌਤ ਦੇ ਤ੍ਰਾਸ ਤੋਂ ਆਜ਼ਾਦ ਹੋ ਕੇ ਮਰਨ ਦੇ ਚਾਉ ਦੇ ਪ੍ਰਕਾਸ਼ ਦੇ ਨਿਡਰ ਵਾਤਾਵਰਣ ਨੂੰ ਸਿਰਜਿਆ ਜਾ ਸਕਦਾ ਹੈ, ਯੁੱਧਾਂ ਵਿਚ ਨਿਆਂ ਤੇ ਅਣਖ ਲਈ ਵਿੱਜਈ ਬਿਰਤੀ ਨਾਲ ਜੂਝਿਆ ਜਾ ਸਕਦਾ ਹੈ। ਧਰਮ ਦੀ ਸਾਧਨਾ ਤੇ ਉਜਾਗਰਤਾ ਲਈ ਜੇ ਗੁਰੂ ਗੋਬਿੰਦ ਸਿੰਘ ਜੀ ਆਪਣਾ ਬੰਸ-ਪਰਿਵਾਰ ਵੀ ਯੁੱਧਾਂ ਨੂੰ ਸਮਰਪਣ ਕਰ ਦਿੰਦੇ ਹਨ, ਤਾਂ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਥਮ ਵਫਾਦਾਰੀ ਉਸ 'ਆਇਸ' ਨਾਲ ਹੈ, ਜਿਸ ਵਿਚੋਂ ਧਰਮ ਨੂੰ ਉਭਾਰਨ ਤੇ ਦੁਸ਼ਟਾਂ ਨੂੰ ਪਛਾੜਨ ਦਾ ਯੁੱਧ-ਅਧਿਕਾਰ ਉਹਨਾਂ ਨੂੰ ਪ੍ਰਾਪਤ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ-ਜੀਵਨ 'ਪ੍ਰਭੂ-ਆਇਸ' ਦੇ ਸੰਦੇਸ਼ ਨੂੰ ਵਜਾਣ ਲਈ ਹੀ ਭੇਟਾ ਸੀ। ਨਾ ਉਹਨਾਂ 'ਧਰਮ-ਭਾਵਨਾ' ਨੂੰ ਸਮਾਪਤ ਹੋਣ ਦਿੱਤਾ ਅਤੇ ਨਾ ਹੀ ਯੁੱਧਾਂ ਵਿਚੋਂ 'ਵਾਸ਼ਨਾ' ਜਾਂ ਕਿਸੇ ਹੋਰ ਪਕੜ ਨੂੰ ਉਭਰਨ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ 'ਬਚਿੱਤਰ' ਨਾਟਕ ਵਿਚ ਧਰਮ-ਆਗੂਆਂ ਦਾ ਜ਼ਿਕਰ ਕਰਦਿਆਂ ਸਪਸ਼ਟ ਸੰਕੇਤ ਕੀਤੇ ਹਨ, ਕਿ ਧਰਮ-ਆਗੂ ਭਾਵੇਂ ਬ੍ਰਹਮ ਦੇ ਰੂਪ ਵਿਚ ਆਏ ਜਾਂ ਮਹਾਦੀਨ ਜਾਂ ਗੋਰਖ ਦੇ ਰੂਪ ਵਿਚ ਆਏ, ਧਰਮ-ਆਗੂ ਦਾ ਪਹਿਲਾ ਕਰਤੱਵ ਸੀ ਕਿ ਮੈਂ-ਮੇਰੀ ਤੇ ਮਾਇਆ-ਮੋਹ ਤੋਂ ਮੁਕਤ ਹੋ ਕੇ ਉਹ 'ਪ੍ਰਭੂ-ਨਾਮ' ਵਿਚ ਜੀਵ੍ਹੇ ਅਤੇ 'ਪ੍ਰਭ ਕੇ ਪੰਥ' ਨੂੰ ਉਜਾਗਰ ਕਰੇ।

ਪ੍ਰਭੂ, ਪੰਥ, ਨਾਮ ਤੇ ਸੰਤ-ਸੱਤਾ ਦੀ ਏਕਤਾ ਨੂੰ ਉਭਾਰਨ ਲਈ, ਕੂਰ ਕ੍ਰਿਆ ਤੇ ਕਬੁਧਿ-ਕਰਤੱਵ ਨੂੰ ਹਟਾਣ ਲਈ ਅਤੇ ਦੁਸ਼ਨ-ਦੋਖੀਆਂ ਨੂੰ ਪਛਾੜਨ ਵਾਸਤੇ ਹੀ ਗੁਰੂ ਗੋਬਿੰਦ ਜੀ ਨੇ ਪਹਿਲਾਂ 'ਧਰਮ' ਨੂੰ ਸ਼ੁੱਧ ਰੂਪ ਵਿਚ ਉਜਾਗਰ ਕੀਤਾ ਤੇ ਜੇ ਲੋੜ ਪਈ, ਤਾਂ 'ਧਰਮ' ਦੀ ਸੁਰੱਖਿਆ ਤੇ ਜੈਕਾਰ ਲਈ 'ਯੁੱਧਾਂ' ਵਿਚ ਬੰਸ ਕੁਰਬਾਨ ਲੈਣ ਦੀ ਭਾਵਨਾ ਰਖ ਕੇ ਵੀ, ਜੂਝਣਾ ਆਰੰਭ ਦਿੱਤਾ। ਗੁਰੂ ਗੋਬਿੰਦ ਸਿੰਘ ਦਾ 'ਯੁੱਧ' ਭੰਗਾਣੀ ਦਾ ਸੀ, ਅਨੰਦਪੁਰ ਸਾਹਿਬ ਦਾ ਸੀ; ਜਾਂ ਚਮਕੌਰ ਦਾ ਸੀ, ਹਰ ਯੁੱਧ ਪਿਛੇ ਧਰਮ ਦੀ ਸੁਰੱਖਿਆ ਤੇ ਸੁਤੰਤਰਤਾ ਦਾ ਹੀ ਨਿਡਰ ਤੇ ਬੇਪ੍ਰਵਾਹ ਜਜ਼ਬਾ ਬੋਲ ਰਿਹਾ ਸੀ। ਅਰਥਾਤ ਸੀਸ ਭਾਵੇਂ ਚਲਾ ਜਾਏ, ਪਰ ਸਿਰੜ ਨੂੰ ਨਿਰੰਤਰ ਕਾਇਮ ਰਖਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਹਕੂਮਤ ਨਾਲ ਲੜੇ ਯੁੱਧਾਂ ਵਿਚ ਆਪਣਾ ਤਨ, ਮਨ, ਧਨ, ਪਿਤਾ ਪੁੱਤਰ ਤੇ ਪਿਆਰੇ ਸਿੱਖਾਂ ਨੂੰ ਕੁਰਬਾਨ ਕਰਵਾ ਕੇ ਵੀ 'ਧਰਮ' ਤੇ ਇਸ ਦੇ ਉਜਾਗਰ ਗੁਣਾਂ ਨੂੰ ਸਦਾ ਕਾਇਮ ਰਖਿਆ।


www.AKJ.Org

ਧਰਮੀ ਹੋਣ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਨੀਤੀ ਜਿਥੇ ਇੰਨੀ ਸਪਸ਼ਟ, ਸਿਰਜਨਾਤਮਿਕ ਤੇ ਮਾਨਸ ਜਾਤੀ ਪ੍ਰਤੀ ਹਿੱਤਕਾਰੀ ਸੀ, ਉਥੇ ਉਹਨਾਂ ਦੇ ਯੁੱਧਾਂ ਵਿਚੋਂ ਵੀ ਧਰਮ-ਗੁਣਾਂ ਦੀ ਪ੍ਰੇਰਨਾ ਹੀ ਪ੍ਰਗਟ ਹੁੰਦੀ ਸੀ। 'ਨਿਡਰਤਾ' ਪ੍ਰਭੂ-ਗੁਣ ਹੈ, ਸੰਸਾਰੀ ਗੁਣ ਨਹੀਂ। ਸੰਸਾਰੀ ਪੁਰਸ਼ ਤਾਂ ਸਦਾ ਮਰਨ ਦੇ ਤ੍ਰਾਸ ਵਿਚ ਜੀਉਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਨੇ 'ਮਰਨ' ਦਾ ਉਹ ਰੂਪ ਪ੍ਰਗਾਸਿਆ, ਜਿਸ ਵਿਚ ਡਰ ਤੇ ਸਹਿਮ ਬਿਲਕੁਲ ਹੀ ਨਹੀਂ ਸੀ, ਕੇਵਲ ਚਾਉ ਤੇ ਅਨੰਦ ਹੀ ਸੀ। ਗੁਰੂ ਤੇ ਗੁਰੂ ਦਾ ਸਿੱਖ ਜਦੋਂ ਧਰਮ ਦੀ ਆਜ਼ਾਦੀ ਲਈ ਯੁੱਧਾਂ ਵਿਚ ਜੁਝਦਾ ਹੈ ਤਾਂ ਮੌਤ ਨੂੰ ਵੀ ਉਹ 'ਅਨੰਦ-ਵਰਦਾਤਾ' ਆਖਦਾ ਹੈ। ਸ਼ਾਇਦ ਇਸੇ ਲਈ ਧਰਮ-ਬਾਣੀ ਵਿਚੋਂ ਇਹ ਸੁਰ ਉਚੀ ਹੁੰਦੀ ਦ੍ਰਿਸ਼ਟੀਗੋਚਰ ਹੁੰਦੀ ਹੈ:

ਜਿਸ ਮਰਨੇ ਤੇ ਜਗ ਡਰੈ ਮੇਰੈ ਮਨ ਆਨੰਦ॥
ਜਾਂ ਮੋਹਿ ਮਰਨੇ ਕਾ ਚਾਉ ਹੈ ਮਰਉ ਤਾ ਹਰਿ ਕੇ ਦੁਆਰ॥

ਮਰ -ਮਿਟ ਕੇ ਜੇ 'ਹਰਿ ਕਾ ਦੁਆਰ' ਮਿਲਦਾ ਹੈ, ਜਾਂ ਅਨੰਦ ਪ੍ਰਾਪਤ ਹੁੰਦਾ ਹੈ, ਤਾਂ ਨਿਸ਼ਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ 'ਯੁੱਧ' ਧਰਮ ਦੀ ਜੈਕਾਰ ਵਾਸਤੇ ਸਨ। ਧਰਮ ਦੇ ਚਾਓ ਵਿਚ 'ਗਿਣਤੀ' ਦਾ ਵੀ ਕੋਈ ਮਹੱਤਵ ਨਹੀਂ ਹੁੰਦਾ। ਮਰ ਕੇ ਸ਼ਹਾਦਤ ਦੀ ਪੱਦਵੀ ਨੂੰ ਪ੍ਰਾਪਤ ਕਰਨਾ ਹੀ ਉਸ ਦਾ ਮੁਖ ਉਦੇਸ਼ ਹੁੰਦਾ ਹੈ। ਚਮਕੌਰ ਸਾਹਿਬ ਦੇ ਯੁੱਧ ਵੇਲੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਪਤਾ ਹੈ ਕਿ ਮੁਗ਼ਲੀਆਂ ਫ਼ੌਜਾਂ ਹਜ਼ਾਰਾਂ ਦੀ ਗਿਣਤੀ ਵਿਚ ਹਨ, ਪਰ ਉਹ ਗਿਣਤੀ ਤੋਂ ਬੇਪਰਵਾਹ ਹੋ ਕੇ, ਇਕੱਲੇ ਇਕੱਲੇ ਹੀ ਧਰਮ ਅਤੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀ-ਵਰ ਪ੍ਰਾਪਤ ਕਰ ਲੈਂਦੇ ਹਨ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਭਾਵੇਂ ਛੋਟੀ ਉਮਰ ਦੇ ਹਨ, ਪਰ ਜ਼ਾਲਮ ਹਕੂਮਤ ਦੇ ਸਨਮੁਖ, ਖਿੜੇ ਮੱਥੇ, ਪੂਰੀ ਨਿਡਰਤਾ ਨਾਲ, ਨੀਹਾਂ ਵਿਚ, ਆਪਣੇ ਆਪ ਨੂੰ ਚਿਣਵਾ ਲੈਣਾ, ਸੱਚਮੁਚ ਹੀ ਮੌਤ ਵਿਚੋਂ 'ਅਨੰਦ' ਪ੍ਰਾਪਤ ਕਰਨ ਦੇ ਤੁਲ ਹੈ- ਇਹ ਸ਼ਹੀਦੀ ਸਾਕਾ।

'ਯੁੱਧ' ਦਾ ਰੂਪ ਜਾਂ ਕਾਰਨ ਕੋਈ ਵੀ ਹੋਵੇ, ਉਸ ਪਿਛੇ ਪ੍ਰਥਮ ਤੇ ਪ੍ਰਬਲ ਭਾਵਨਾ ਬਦਲਾ ਲੈਣ ਦੀ ਜਾਂ ਕਬਜ਼ਾ ਕਰਨ ਦੀ ਹੀ ਹੁੰਦੀ ਹੈ। ਬਦਲਾ ਲੈਣ ਦੀ ਜਾਂ ਕਬਜ਼ਾ ਕਰਨ ਦੀ ਭਾਵਨਾ ਨਿਰੋਲ ਸੰਸਾਰਕ ਭਾਵਨਾ ਹੈ। ਇਸ ਨੂੰ ਸੰਸਾਰਕ ਬੋਲੀ ਵਿਚ ਵੈਰ ਭਾਵਨਾ ਵੀ ਆਖਿਆ ਜਾ ਸਕਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦਾ ਸਰੂਪ ਤੇ ਆਦਰਸ਼ 'ਜਿਨ ਪ੍ਰੇਮ ਕੀਓ' ਵਾਲਾ ਸੀ। ਮਾਨਸ ਜਾਤਿ ਨੂੰ ਭਾਵੇਂ ਸੰਸਾਰੀਆਂ ਨੇ ਕਈ ਵਰਗਾਂ, ਵਰਨਾਂ, ਰੂਪਾਂ, ਕਿਤਿਆਂ, ਰੰਗਾਂ,ਨਸਲਾਂ ਤੇ ਸੰਸਕਾਰਾਂ ਵਿਚ ਵੰਡਿਆ ਹੋਇਆ ਸੀ, ਪਰ ਪ੍ਰੇਮ-ਪੁੰਜ ਗੁਰੂ ਗੋਬਿੰਦ ਸਿੰਘ ਜੀ ਆਖਦੇ ਸਨ ਕਿ 'ਸਭ ਏਕੋ ਪਹਿਚਾਨਬੋ' ਸਭ ਤਾ ਪਿਤਾ-ਪਰਿਵਾਰ ਇਕ ਹੈ। ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ। ਕੋਈ ਸਿਆਣਾ ਨਹੀਂ, ਕੋਈ ਮੂਰਖ ਨਹੀਂ। ਜਦੋਂ ਸਾਰੀ ਮਾਵਜਾਤੀ ਨੂੰ ਇਕ ਅਤੇ ਬਰਾਬਰਤਾ ਦਾ ਅਧਿਕਾਰ ਹੈ, ਤਾਂ ਇਕ ਦੂਜੇ ਜਾਂ ਕਿਸੇ ਪ੍ਰਤੀ ਵੈਰ-ਭਾਵਨਾਂ ਕਿਉਂ? 'ਨਿਰਵੈਰ' ਹੋਣਾ ਨਿਸਚੇ ਹੀ ਪ੍ਰਭੂ-ਗੁਣ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੀ ਬਿਰਤੀ, ਸੁਭਾ ਤੇ ਵਿਹਾਰ ਵਜੋਂ ਵੱਡ ਯੋਧੇ ਸਨ। ਉਹਨਾਂ ਦੇ 'ਚਿਤ' ਵਿਚ ਯੁੱਧ ਦਾ ਵਿਚਾਰ ਨਿਰੰਤਰ ਸਥਿਰ ਰਿਹਾ। 'ਯੁੱਧ' ਦ੍ਵੰਦਾਤਮਿਕ ਕੀਮਤਾਂ ਵਿਰੁਧ ਸੀ ਜਾਂ ਮੁਗਲੀਆਂ ਹਕੂਮਤ ਦੇ ਵਿਰੁਧ ਸੀ, ਮੈਦਾਨੇ ਜੰਗ ਵਿਚ ਜੂਝ ਕੇ ਵੀ ਗੁਰੂ ਗੋਬਿੰਦ ਸਿੰਘ ਜੀ 'ਨਿਰਵੈਰਤਾ' ਦੇ ਪ੍ਰਭੂ-ਗੁਣ ਨੂੰ ਹਥੋਂ ਨਾ ਛੱਡਣ, ਤਾਂ ਕਹਿਣਾ ਯੋਗ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਯੁਧ ਵੀ ਧਰਮ ਦੀ ਜੈ ਅਤੇ ਜਿਤ ਲਈ ਹੀ ਸਨ। ਨਿਰਵੈਰਤਾ ਵੀ ਧਰਮ-ਗੁਣ ਹੀ ਹੈ। ਭਾਈ ਘੱਨਈਆਂ ਜੀ ਦਾ ਨਿਰਵੈਰ ਚਰਿੱਤਰ ਪੰਥ ਵਿਚ ਹੀ ਨਹੀਂ, ਸਾਰੇ ਸੰਸਾਰ ਵਿਚ ਪ੍ਰਸਿੱਧ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਸਾਥੀ ਬਣ ਕੇ ਜਿਥੇ ਯੁੱਧਾਂ ਵਿਚ ਜੁਝਦਾ ਰਿਹਾ ਹੈ, ਉਥੇ ਬਿਨਾ ਕਿਸੇ ਜਾਤਿ-ਵਿਤਕਰੇ ਦੇ ਯੁੱਧਾਂ ਵਿਚ ਜ਼ਖ਼ਮੀ ਹੋਣ ਵਾਲੇ ਯੋਧਿਆਂ ਨੂੰ ਮਲਮ-ਪੱਟੀ ਵੀ ਕਰਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਤਾਂ ਸਾਰਾ ਚਰਿੱਤਰ ਹੀ ਨਿਰਵੈਰਤਾ ਦਾ ਅਦੁੱਤੀ ਇਤਿਹਾਸ ਹੈ। ਉਹ ਪਾਤਸ਼ਾਹੀ ਤਖ਼ਤ ਉਤੇ ਸਨ ਜਾਂ ਯੁੱਧਾਂ ਵਿਚ ਸਨ, ਉਹਨਾਂ ਕਦੀ ਵੀ ਕਿਸੇ ਨਾਲ ਨਾ ਅਨਿਆਂ ਕੀਤਾ ਅਤੇ ਨਾ ਹੀ ਡਿਗੇ ਹੋਏ ਉਤੇ ਵਾਰ ਕੀਤਾ। ਉਹ ਹਮੇਸ਼ਾਂ ਸਨਮੁਖ ਹੋ ਕੇ ਜੂਝਦੇ ਸਨ। ਸਨਮੁਖ ਹੋ ਕੇ ਜੂਝਣ ਵਾਲਾ ਸਦਾ ਜਾਗਦਾ ਯੋਧਾ ਹੁੰਦਾ ਹੈ। ਉਸ ਦੀ


www.AKJ.Org

ਯੁੱਧ-ਸਮਰੱਥਾ ਵਿਚ ਵੈਰ-ਵਾਸ਼ਨਾ ਨੂੰ ਜਾਂ ਕਬਜ਼ੇ ਦੀ ਭਾਵਨਾ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੁੰਦੀ। ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਯੁੱਧ ਕਬੁਧਿ ਤੇ ਜ਼ੁਲਮ ਵਿਰੁਧ ਸਨ, ਕਿਸੇ ਮਾਨਸ ਜਾਤਿ ਵਿਰੁਧ ਨਹੀਂ ਸਨ। ਜੇ ਮਾਨਸ ਜਾਤਿ ਵਿਰੁਧ ਹੁੰਦੇ ਤਾਂ ਉਹਨਾਂ ਦੀਆਂ ਫ਼ੌਜਾਂ ਵਿਚ ਪੀਰ ਬੁਧੂ ਸ਼ਾਹ ਵਰਗੇ ਫ਼ਕੀਰ-ਯੋਧੇ ਬਿਲਕੁਲ ਨਾ ਹੁੰਦੇ। ਯੁੱਧਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੈਰ-ਮੁਕਤ ਸੁਭਾ, ਦੁਸ਼ਟਾਂ ਨੂੰ ਉਧਾਰਨ ਦੇ ਚਾਅ ਤੇ ਧਰਮ-ਸਥਾਪਨਾ ਦੇ ਰਾਹ ਨੂੰ ਹੀ ਪੂਰੀ ਸੁਹਿਰਦਤਾ ਤੇ ਨਿਡਰਤਾ ਨਾਲ ਪ੍ਰਗਟਾਇਆ ਹੈ।

ਯੁੱਧ ਬਾਈ ਧਾਰ ਦੇ ਰਾਜਿਆਂ ਨਾਲ ਸਨ ਜਾਂ ਸਮਕਾਲੀ ਮੁਗ਼ਲ ਹਕੂਮਤ ਨਾਲ ਸਨ, ਗੁਰੂ ਗੋਬਿੰਦ ਸਿੰਘ ਜੀ 'ਸ੍ਰੀ ਖੜਗ' ਦੇ ਸਾਹਸ ਨਾਲ ਹੀ ਸਾਰੇ ਯੁੱਧਾਂ ਵਿਚ ਜੂਝਦੇ ਰਹੇ। ਉਹਨਾਂ ਲਈ 'ਸ੍ਰੀ ਖੜਗ' ਜਿਥੇ ਅਕਾਲ-ਪ੍ਰਮਾਤਮਾ ਦੀ ਸ਼ਕਤੀ ਦਾ ਪ੍ਰਤੀਕ ਸੀ, ਉਥੇ 'ਸ੍ਰੀ ਖੜਗ' ਸਰਬ ਸ਼ਸਤਰਾ-ਅਸਤਰਾ ਦਾ ਵੀ ਪ੍ਰਤੀਨਿਧ ਚਿੰਨ੍ਹ ਸੀ। 'ਸ਼ਸਤਰ ਨਾਮ ਮਾਲਾ' ਬਾਣੀ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਰੇ ਯੁੱਧ-ਸ਼ੱਸਤਰਾਂ ਨੂੰ 'ਪੀਰ' ਕਹਿ ਕੇ ਨਮੋ ਦਿੰਦੇ ਹਨ ਅਰਥਾਤ ਸ਼ਸਤਰਾਂ ਦੀ ਸ਼ਕਤੀ ਨੂੰ ਪ੍ਰਮਾਤਮਾ ਦੀ ਸ਼ਕਤੀ ਦਾ ਬਿੰਬ ਪ੍ਰਦਾਨ ਕਰਦੇ ਹਨ ਤਾਂ ਇਸ ਦਾ ਇਹ ਸਪਸ਼ਟ ਭਾਵ ਹੈ, ਕਿ ਸ਼ਸਤਰਾਂ ਦਾ ਰੋਲ ਪ੍ਰਮਾਤਮਾ ਵਾਂਗ ਕਰਤਾਰੀ, ਸਿਰਜਨਾਤਮਿਕ ਤੇ ਹਿੱਤਕਾਰੀ ਹੋਣਾ ਚਾਹੀਦਾ ਹੈ। ਕਿਸੇ ਲੁੱਟ-ਖਸੁੱਟ ਜਾਂ ਕਬਜ਼ੇ ਦੀ ਭਾਵਨਾ ਵਾਸਤੇ ਗੁਰੂ-ਸ਼ਸਤਰਾਂ ਦੀ ਵਰਤੋਂ ਯੋਗ ਨਹੀਂ। ਗੁਰੂ-ਸ਼ਸਤਰਾਂ ਦੀ ਵਰਤੋਂ ਸਦਾ ਨਿਆਂ ਤੇ ਸੱਚ ਦੀ ਸਥਾਪਨਾ ਵਾਸਤੇ ਹੋਈ ਹੈ। ਗੁਰੂ ਗੋਬਿੰਦ ਜੀ ਦੇ ਸਾਰੇ ਯੁੱਧ, ਸੱਚ, ਧਰਮ, ਨਿਆਂ ਤੇ ਆਜ਼ਾਦੀ ਦੀ ਸਥਾਪਨਾ ਵਾਸਤੇ ਸ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ੁਭ ਕਰਮਨ ਤੇ ਕਬਹੂੰ ਨਾ ਡਰੋ ਤੇ ਰਣ ਵਿਚ ਜੁਝ ਮਰੋਂ ਦੀ ਪ੍ਰੇਰਨਾ ਕਰਦੇ ਹਨ, ਤਾਂ ਇਸ ਬੇ-ਮੁਹਤਾਜ ਭਾਵਨਾ ਤੋਂ ਵੀ ਸਹਿਜੇ ਹੀ ਪ੍ਰਗਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਵੀ ਧਰਮ-ਪੰਥ ਦੀ ਸੁਰਖਿਆ ਤੇ ਸਥਾਪਤੀ ਵਾਸਤੇ ਹੀ ਸਮਰਪਿਤ ਸਨ। ਬਾਈ ਧਾਰ ਦੇ ਰਾਜਿਆਂ ਨਾਲ ਹੋਏ ਯੁੱਧਾਂ ਦੀਆਂ ਇਤਿਹਾਸਕ ਘਟਨਾਵਾਂ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਨੇ ਸਾਫ਼ ਕਿਹਾ ਹੈ; ਕਿ ਯੁੱਧਾਂ ਵਿਚ ਜੁਝ ਮਰੋਂ ਦਾ ਭਾਵ 'ਸੱਚ ਦੀ ਪਤੀਜ (ਅਨੁਭਵ) ਕਰਨੀ ਹੈ:

ਸ਼ਸਤ੍ਰਨ ਸਿਉ ਅਤਿ ਹੀ ਰਣ ਭੀਤਰ ਜੂਝ ਮਰਉ ਤਉ ਸਾਚ ਪਤੀਜੈ॥

ਦੁਰਮਤਿ ਨੂੰ ਭਜਾ ਕੇ, ਸੰਤ ਪੁਰਸ਼ਾਂ ਲਈ ਸੁੱਖ-ਸ਼ਾਂਤੀ ਦਾ ਵਾਤਾਵਰਣ ਪੈਦਾ ਕਰਨਾ ਹੈ, ਤ੍ਰਾਸ ਤੋਂ ਮੁਕਤ ਸਿਰਜਨਾ ਹੈ, ਕ੍ਰਿਪਾ-ਕਾਲ ਦੇ ਝੰਡੇ ਥੱਲੇ ਸਭ ਨੂੰ ਬਿਠਾਣਾ ਹੈ, ਸਮੁੱਚੀ ਮਨੁੱਖਤਾ ਨੂੰ ਪ੍ਰਭੂ-ਇਕ ਦੀ ਪਹਿਚਾਨ ਦਰਸਾ ਕੇ, ਜਯੰ ਗੀਤ ਗਾਣ ਲਈ ਤਿਆਰ ਕਰਨਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਦੋਂ ਯੁੱਧਾਂ ਵਿਚ ਜੁਝਦੇ ਸਨ ਤਾਂ 'ਨਮੋਂ ਸ੍ਰੀ ਖੜਗ' ਦੀ ਭਾਵਨਾ ਨੂੰ ਨਿਰੰਤਰ ਦ੍ਰਿੜ੍ਹ ਰਖਦੇ ਸਨ :

1 ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤ ਚਿਤੁ ਲਾਇ।
੨ ਨਮੋ ਖੜਗ ਖੰਡੰ ਕ੍ਰਿਪਾਣੰ ਕਟਾਰੰ,
3 ਸਦਾ ਏਕ ਰੂਪੰ ਸਦਾ ਨਿਰਬਿਕਾਰੰ॥

ਤੇ ਜਦੋਂ ਯੁੱਧਾਂ ਵਿਚੋਂ ਜਿਤ ਕੇ ਵਾਪਸ ਆਉਂਦੇ ਸਨ ਤਾ ਵੀ ਇਹੀ ਉਚਾਰਦੇ ਸਨ :

1 ਭਈ ਜੀਤ ਮੇਰੀ। ਕ੍ਰਿਪਾ ਕਾਲ ਤੇਰੀ॥
੨ ਰਣੰ ਜੀਤਿ ਆਏ। ਜਯੰ ਗੀਤ ਗਾਏ॥
3 ਯੁੱਧ ਜ੍ਰਿਤੇ ਇਨ ਹੀ ਕੇ ਪ੍ਰਸਾਦਿ।

ਜਿਵੇਂ ਧਰਮ-ਆਦਰਸ਼ਾਂ ਦੀ ਸਫ਼ਲਤਾ ਵੇਲੇ ਗੁਰੂ ਗੋਬਿੰਦ ਸਿੰਘ ਜੀ ਪ੍ਰਮੇਸ਼ਰ-ਇਸ਼ਟ ਨਾਲ ਜੁੜੇ ਰਹਿੰਦੇ ਸਨ ਤੇ ਪ੍ਰਭੂ-ਦੋਖੀਆਂ ਨੂੰ ਪਛਾੜਨ ਵਾਸਤੇ ਸ਼ਕਤੀ-ਵਰਦਾਨ ਮੰਗਦੇ ਸਨ, ਬਿਲਕੁਲ ਉਸੇ ਭਾਵਨਾ ਅਨੁਸਾਰ ਯੁੱਧਾਂ ਵਿਚ ਜੁਝ਼ਣ ਦਾ ਆਦਰਸ਼ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਰਮਤਿ ਨੂੰ ਹਰਣੰ ਤੇ ਪ੍ਰਭੂ-ਪ੍ਰਮੇਸਰ ਦੀ ਸ਼ਕਤੀ ਨੂੰ ਸਥਾਪਿਤ ਕਰਨਾ ਹੀ ਨਿਸਚਿਤ ਕੀਤਾ ਹੈ।

ਧਰਮ ਯੁੱਧ ਦੀ ਅਧਿਆਤਮਿਕ ਤੇ ਸਮਾਜਕ ਏਕਤਾ ਦਰਸਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਸੱਚ ਤੇ ਨਿਆਂ ਲਈ ਮੌਤ ਨੂੰ ਵੀ ਮਖੌਲ ਕਰਨ ਦੀ ਇਕ ਅਦੁੱਤੀ ਤੇ ਨਿਡਰ ਕ੍ਰਿਆ ਨੂੰ ਜਨਮ ਦਿੱਤਾ ਹੈ, ਉਥੇ

(ਬਾਕੀ ਪੰਨਾ ੧੨ ਤੇ....)



www.AKJ.Org

# ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ
# ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਸੰਬੰਧੀ ਵੀਚਾਰ

(ਮਨਮੋਹਨ ਸਿੰਘ ਕੈਲੀਫੋਰਨੀਆਂ, ਯੂ. ਐਸ. ਏ.)

## ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸ੍ਰਿਸ਼ਟੀ ਦੀ ਅਧਿਆਤਮਿਕ ਦਸ਼ਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਆਗਮਨ ਸੰਬੰਧੀ ਭਾ: ਸਾ: ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ॥
ਸਿੰਘ ਬੁਕੇ, ਮਿਰਗਾਵਲੀ ਭੰਨੀ ਜਾਇ, ਨ ਧੀਰਿ ਧਰੋਆ॥ (ਭਾ: ਗੁ: ੧/ ੨੭)

ਧੁੰਧ ਦਾ ਅਰਥ ਹੈ ਧੂਆਂ ਤੇ ਮਿੱਟੀ ਮਿਲ ਕੇ ਹੋਇਆ ਅੰਧੇਰਾ। ਘੁੱਪ ਕਾਲੀ ਰਾਤ ਦੇ ਅੰਧੇਰੇ ਨੂੰ ਇਕ ਮਾਮੂਲੀ ਮੋਮ ਬੱਤੀ ਜਾਂ ਦੀਵਾ ਵੀ ਦੂਰ ਕਰ ਸਕਦਾ ਹੈ ਪਰ ਧੁੰਧ ਦਾ ਅੰਧੇਰਾ ਮਾਮੂਲੀ ਸਾਧਨਾ ਨਾਲ ਕਦੇ ਦੂਰ ਨਹੀਂ ਹੋ ਸਕਦਾ। ਇਸ ਨੂੰ ਦੂਰ ਕਰਨ ਲਈ ਸੂਰਜ ਜਿਹੇ ਤੇਜ਼ ਚਾਨਣ ਤੋਂ ਬਿਨਾਂ ਹੋਰ ਕੋਈ ਉਪਾਵ ਨਹੀਂ। ਇਸੇ ਤਰਾਂ ਕਾਲੀ ਰਾਤ ਵਿਚ ਜਦੋਂ ਤਾਰੇ ਦਗ਼ਮਗ਼ ਕਰ ਰਹੇ ਹੋਣ, ਉਦੋਂ ਜਿੰਨੀਆਂ ਮਰਜ਼ੀ ਸ਼ਕਤੀ ਸ਼ਾਲੀ ਬਤੀਆਂ ਰੋਸ਼ਨ ਕੀਤੀਆਂ ਜਾਣ, ਤਾਰਿਆਂ ਦੀ ਚਮਕ ਦਮਕ ਵਿਚ ਕੋਈ ਫ਼ਰਕ ਨਹੀਂ ਪੈਂਦਾ। ਪਰ ਜਦੋਂ ਸੂਰਜ ਚੜ੍ਹ ਜਾਵੇ ਤਾਂ ਇਹ ਤਾਰੇ ਆਪੇ ਹੀ ਨਜ਼ਰੋਂ ਉਹਲੇ ਹੋ ਜਾਂਦੇ ਹਨ। ਤੀਜੀ ਮਿਸਾਲ ਜੋ ਭਾਈ ਸਾਹਿਬ ਨੇ ਦਿਤੀ ਹੈ ਕਿ ਜਦੋਂ ਬੱਬਰ ਸ਼ੇਰ ਦੀ ਗਰਜ ਪਵੇ ਤਾਂ ਮਿਰਗ ਆਦਿ ਛੋਟੇ ਪਸ਼ੂ ਭੱਜ ਜਾਂਦੇ ਹਨ ਤੇ ਉਨ੍ਹਾਂ ਨੂੰ ਟਿਕਣ ਲਈ ਕੋਈ ਥਾਂ ਟਿਕਾਣਾ ਨਹੀਂ ਸੁਝਦਾ।

ਹੁਣ ਵਿਚਾਰ ਦੀ ਗੱਲ ਇਹ ਹੈ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਰੂਪੀ ਸੂਰਜਾਂ ਦਾ ਸੂਰਜ ਪ੍ਰਕਾਸ਼ਮਾਨ ਹੋਇਆਂ ਤਾਂ ਕਿਹੜੀ ਧੁੰਧ ਸੀ ਜੋ ਮਿਟ ਗਈ, ਕਿਹੜੇ ਤਾਰੇ ਸੀ ਜੋ ਛੁਪ ਗਏ ਤੇ ਕਿਹੜੀ ਮਿਰਗਾਵਲੀ ਸੀ ਜੋ ਗੁਰੂ ਨਾਨਕ ਦੀ ਸ਼ਬਦ ਰੂਪੀ ਗਰਜ ਸੁਣ ਕੇ ਭੱਜ ਉੱਠੀ। ਜ਼ਾਹਰ ਹੈ ਕਿ ਇਹ ਧੁੰਧ ਤਾਰੇ ਆਦਿ ਕੋਈ ਭੌਤਿਕ ਜਾ ਸਥੂਲ ਹਸਤੀਆਂ ਨਹੀਂ ਸਨ, ਇਹ ਤਾਂ ਸੰਸਾਰ ਦੀ ਆਤਮਿਕ ਦਸ਼ਾ ਤੇ ਅਗਿਆਨਤਾ ਵਲ ਸੰਕੇਤ ਹੈ। ਉਦੋਂ ਧਾਰਮਿਕ ਜਾਂ ਅਧਿਆਤਮਕ ਪੱਖ ਤੋਂ ਸੰਸਾਰ ਵਿਚ ਧੁੰਧ ਛਾਈ ਹੋਈ ਸੀ। ਵੱਖੋ ਵੱਖ ਧਰਮਾਂ ਦੇ ਕੋਲ ਤੱਤ ਵਸਤੂ ਦੀ ਅਣਹੋਂਦ ਕਰਕੇ, ਕਰਮ ਕਾਂਡੀ ਧਾਰਮਿਕ ਸੰਸਕਾਰਾਂ ਦੀ ਮਹੱਤਤਾ ਨੇ ਸਾਰਾ ਤਾਣਾ ਹੀ ਉਲਝਾਇਆ ਹੋਇਆ ਸੀ। ਵੱਖੋ ਵੱਖ ਧਰਮਾਂ ਦੇ ਆਗੂਆਂ ਨੇ ਸਾਰੀ ਲੁਕਾਈ ਨੂੰ ਆਪਣੀ ਮਨਮਰਜ਼ੀ ਦੇ ਅਖੌਤੀ ਰਸਮਾਂ ਰਿਵਾਜਾਂ ਵਿਚ ਜਕੜਿਆ ਹੋਇਆ ਸੀ ਜਿਸ ਕਰਕੇ ਸਾਰੇ ਪਾਸੇ ਅਗਿਆਨਤਾ ਦਾ ਧੁੰਧ ਰੂਪੀ ਹਨੇਰਾ ਹੀ ਪਸਰਿਆ ਹੋਇਆ ਸੀ। ਕਈ ਮਹਾਂ ਪੁਰਸ਼ ਇਸ ਅੰਧੇਰੇ ਨੂੰ ਦੂਰ ਕਰਣ ਲਈ ਪ੍ਰਗਟੇ। ਉਨ੍ਹਾਂ ਨੇ ਆਪਣੀ ਵਿੱਤ ਤੇ ਸੋਝੀ ਅਨੁਸਾਰ ਕਿਸੇ ਹੱਦ ਤੱਕ ਹਨੇਰਾ ਦੂਰ ਕਰਣ ਦਾ ਜਤਨ ਵੀ ਕੀਤਾ। ਉਨ੍ਹਾ ਦੇ ਚਲਾਏ ਤੇ ਪ੍ਰਚਾਰੇ ਵਖੋ ਵਖਰੇ ਮਾਰਗ ਤਾਰਿਆਂ ਵਾਗੂੰ ਇਸ ਧੁੰਧ ਹਨੇਰੇ ਵਿਚ ਚਮਕੇ ਤੇ ਚਾਨਣ ਦੀ ਝਲਕ ਵੀ ਪਈ। ਪਰ ਤੱਤ ਵਸਤੂ ਨਾ ਪਰਸਾਰਣ ਕਰਕੇ ਉਨ੍ਹਾਂ ਦੀ ਚਮਕ ਦਮਕ ਤਾਰਿਆਂ ਦੀ ਚਮਕ ਵਾਗੂੰ ਹੀ ਰਹੀ ਤੇ ਪੂਰਾ ਚਾਨਣ ਨਾ ਹੋ ਸਕਿਆ।

ਧੰਨ ਗੁਰੂ ਨਾਨਕ ਦੇਵ ਜੀ ਉਤੇ ਵੱਡੀ ਮੇਹਰ ਹੋਈ। ਧੁਰ ਦਰਗਾਹੋਂ ਤੱਤ ਵਸਤੂ "ਸਤਿਨਾਮ" ਦਾ ਸਿਰੋਪਾਉ ਮਿਲਿਆ :

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸੱਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ (ਪੰਨਾ ੧੫੦)

ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥ (ਭਾ: ਗੁ: ੧/੨੪)


www.AKJ.Org

ਇਹ "ਸਤਿਨਾਮ" ਹੀ ਤੱਤ ਵਸਤੂ ਸੀ ਤੇ ਇਸੇ ਸੂਰਜਾਨ ਸੂਰਜ ਦੇ ਚਾਨਣ ਦਾ ਸਰੂਪ ਸੀ ਸ੍ਰੀ ਗੁਰੂ ਨਾਨਕ :

ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ, ਜਨੁ ਨਾਨਕੁਗੁਰੁ ਪਾਰਬ੍ਰਹਮੁ॥ (ਪੰਨਾ ੧੩੮੭)

ਭਾਵ: ਸਾਰੇ ਜਗਤ ਵਿਚ ਪਸਰ ਰਹੇ ਹਨੇਰੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੂਰਜ ਬਣ ਕੇ ਜਗ ਪਏ ਤੇ ਉਨ੍ਹਾਂ ਦੇ ਦਰਸਾਏ ਦ੍ਰਿੜਾਏ ਸਤਿਨਾਮ ਦੀ ਬਰਕਤ ਨਾਲ ਸਾਰੀ ਸ੍ਰਿਸ਼ਟੀ ਪਾਰ ਲੰਘ ਰਹੀ ਹੈ। ਏਸਤਰਾਂ ਸਤਿਨਾਮ ਦਾ ਵਿਥਾਰਕ ਹੋਣ ਕਰਕੇ ਅਕਾਲ ਪੁਰਖ ਦੇ ਰਚੇ ਹੋਏ ਸਾਰਿਆਂ ਭਵਨਾਂ (ਖੰਡਾਂ ਬ੍ਰਹਮੰਡਾਂ) ਵਿਚ ਪਾਰਬ੍ਰਹਮ ਰੂਪ ਗੁਰੂ ਨਾਨਕ ਦੇਵ ਜੀ ਪ੍ਰਤੱਖ ਰੂਪ ਵਿਚ ਪਰਗਟ ਹੋਏ ਹਨ :

ਅਗਿਆਨੁ ਅੰਧੇਰਾ ਕਟਿਆ, ਜੋਤਿ ਪਰਗਟਿ ਆਈ ਰਾਮ॥
ਜਨ ਨਾਨਕ ਨਾਮੁ ਅਧਾਰੁ ਹੈ, ਹਰਿ ਨਾਮਿ ਸਮਾਈ ਰਾਮ॥ (ਪੰਨਾ ੮੪੫)
ਅਗਿਆਨੁ ਅੰਧੇਰਾ ਮਿਟਿ ਗਇਆ, ਗੁਰ ਚਾਨਣੁ ਗਿਆਨੁ ਚਰਾਗੁ॥ (ਪੰਨਾ ੮੪੯)
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ॥ (ਪੰਨਾ ੨੪੧)

ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਸਤਿਨਾਮ ਰੂਪੀ ਸਚੇ ਗਿਆਨ ਪ੍ਰਗਟ ਹੋਣ ਨਾਲ ਸਾਰੀ ਸ੍ਰਿਸ਼ਟੀ ਤੋਂ ਅਗਿਆਨਤਾ ਦਾ ਅੰਧੇਰਾ ਦੂਰ ਹੋ ਗਿਆ।

ਇਸ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਤੋਂ ਪਹਿਲਾਂ ਸਾਰੇ ਸੰਸਾਰ ਵਿਚ ਸਤਿਨਾਮ ਰੂਪੀ ਤੱਤ ਵਸਤੂ ਨਾ ਹੋਣ ਕਰਕੇ ਧੁੰਧ ਜਾਂ ਅੰਧੇਰਾ ਸੀ ਤੇ ਜੋ ਵੀ ਧਰਮ ਪ੍ਰਚੱਲਤ ਸਨ ਉਹਨਾਂ ਦਾ ਚਾਨਣ ਤਾਰਿਆਂ ਦੀ ਨਿਆਈਂ ਸੀਮਤ ਸੀ ਅਤੇ ਜੋ ਵੀ ਵਖੋ ਵਖ ਧਰਮਾਂ ਦੇ ਪੇਸ਼ਵਾ, ਮੁਖੀ ਤੇ ਪਰਸਾਰਕ ਸਨ ਉਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਮਿਰ੍ਰਗਾਵਲੀ ਦੇ ਨਾਮ ਨਾਲ ਸੰਬੋਧਨ ਕੀਤਾ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਮਹਾਂਵਾਕ ਹੈ:

ਗੁਰ ਕੀ ਮਹਿਮਾ ਕਥਨੁ ਨ ਜਾਇ॥ ਗੁਰੁ ਪਰਮੇਸਰੁ ਸਾਚੈ ਨਾਇ॥ (ਪੰਨਾ ੧੨੭੧)

ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਉਹ ਤਾਂ ਸੱਚੇ ਨਾਮ (ਸਤਿਨਾਮ) ਦੇ ਭੰਡਾਰ ਹੋਣ ਕਰਕੇ ਪਰਮੇਸ਼੍ਵਰ ਰੂਪ ਹਨ।

## ਸਤਿਨਾਮ ਕੀ ਹੈ ?

ਸਤਿਨਾਮ ਅਕਾਲ ਪੁਰਖ ਦਾ ਆਪਣਾ ਨਿੱਜੀ ਰਚਿਆ ਤੇ ਅਕਾਲ ਪੁਰਖ ਵਾਂਗੂੰ ਹੀ ਸਦਾ ਅਟੱਲ ਰਹਿਣ ਵਾਲਾ ਨਾਮ ਹੈ। ਉਹ ਕਰਤੇ ਦੀ ਨਿੱਜੀ ਸਾਜਨਾ ਹੋਣ ਕਰਕੇ ਸਮੇਂ ਦੇ ਗੇੜ ਦੇ ਅਰੰਭ ਹੋਣ ਤੇ ਸ੍ਰਿਸ਼ਟੀ ਸਾਜਨ ਤੋਂ ਪਹਿਲਾਂ ਵੀ ਕਾਇਮ ਸੀ ਤੇ ਸਾਰੀ ਸ੍ਰਿਸ਼ਟੀ ਦੇ ਆਕਰਖਣ ਤੋਂ ਪਿਛੋਂ ਵੀ ਕਾਇਮ ਰਹੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਸ਼ਬਦ ਵਿਚ ਬਹੁਤ ਸਾਰੇ ਕ੍ਰਿਤਮ ਜਾ ਸਿਫ਼ਾਤੀ ਨਾਮਾਂ ਦਾ ਵਰਨਣ ਕਰਕੇ ਅੰਤ ਵਿਚ ਇਹ ਦੁਤੁਕੀ ਸਤਿਨਾਮ ਨੂੰ ਦਰਸਾਉਂਦੀ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥ (ਪੰਨਾ ੧੦੮੩)

ਭਾਵ: ਹੇ ਅਕਾਲ ਪੁਰਖ । ਤੇਰੀ ਜਿਹਬਾ ਹੁਣ ਤਕ ਤੇਰੇ ਕਰਮਾਂ ਜਾਂ ਸਿਫ਼ਤਾਂ ਕਰਕੇ ਪਏ ਨਾਮਾਂ ਦਾ ਹੀ ਉਚਾਰਨ ਕਰਦੀ ਰਹੀ ਹੈ। ਪਰ ਸਤਿਨਾਮ ਹੀ ਤੇਰਾ ਆਦਿ ਤੇ ਪੂਰਬਲਾ ਨਾਮ ਹੈ। ਜਦੋਂ ਤੂੰ ਨਿਰਗੁਣ ਹੋ ਕੇ ਆਪਣੇ ਆਪ ਨੂੰ ਪ੍ਰਗਟ ਕੀਤਾ ਤਾਂ ਤੇਰੇ ਕਈ ਨਾਮ ਹੋ ਗਏ ਪਰ ਤੇਰਾ ਪੂਰਬਲਾ ਸਤਿਨਾਮ ਹੀ ਹੈ ਜੋ ਹਰ ਸਮੇਂ ਰਹਿੰਦਾ ਹੈ।

ਅਕਾਲ ਪੁਰਖ ਦਾ ਇਹ ਮਹਾਂ ਪੂਰਬਲਾ ਸਤਿਨਾਮ ਉਸ ਦੀ ਰਚੀ ਰਚਨਾ ਵਿਚੋਂ ਕਿਸੇ ਜੀਅ ਜੰਤ ਨੇ ਨਹੀਂ ਰਚਿਆ। ਅਸਲ ਵਿਚ ਸਮੂਹ ਰਚਨਾ ਰਚਨ ਤੋਂ ਪਹਲੇ ੧ਓ ਨੇ ਆਪਣੇ ਆਪ ਨੂੰ ਸੁੰਨ ਅਵਸਥਾ ਵਿਚੋਂ ਪਰਗਟ ਹੋਣ ਦਾ ਵੀਚਾਰ ਕੀਤਾ ਤਾਂ ਸਭ ਤੋਂ ਪ੍ਰਿਥਮ ਉਨ੍ਹਾਂ ਨੇ ਸਤਿਨਾਮ ਜਾਂ ਸ਼ਬਦ (ਵਾਹਿਗੁਰੂ) ਰੂਪੀ ਆਕਾਰ ਧਾਰਨ ਕੀਤਾ। ਇਸ ਲਈ ਸਤਿਨਾਮ ਤੇ ਅਕਾਲ ਪੁਰਖ ਵਿਚ ਕੋਈ ਅੰਤਰ ਹੀ ਨਹੀਂ ਅਤੇ


www.AKJ.Org

ਅਕਾਲ ਪੁਰਖ ਵਾਗੂੰ ਸਤਿਨਾਮ ਵੀ ਸਰਬ ਵਿਆਪਕ, ਸਦੀਵੀ ਤੇ ਅਨੰਤ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ (ਪੰਨਾ ੪੬੩)

ਮਹਾਂਵਾਕ ਇਸੇ ਸਚਾਈ ਨੂੰ ਪ੍ਰਗਟਾਉਂਦਾ ਹੈ। ਇਸੇ ਲਈ ਇਹ ਸਤਿਨਾਮ ਬਾਕੀ ਸਾਰਿਆਂ ਵਿਚੋਂ ਸ਼ਿਰੋਮਣੀ ਹੈ :

ਨਾਮ ਸਿਰੋਮਣਿ ਸਰਬਮੈ ਭਗਤ ਰਹੇ ਲਿਵਧਾਰ॥ (ਪੰਨਾ ੧੩੯੩)

ਅਤੇ ਇਸੇ ਕਾਰਨ ਇਹ ਸਤਿਨਾਮ ਸਾਰਿਆਂ ਮੱਤਾਂ ਜਾਂ ਧਰਮਾਂ ਤੋਂ ਵੀ ਸ੍ਰੇਸ਼ਟ ਹੈ :

ਸਗਲ ਮਤਾਂਤ ਕੇਵਲ ਹਰਿਨਾਮ॥ (ਪੰਨਾ ੨੯੬)

ਇਸ ਸਤਿਨਾਮ ਨੂੰ ਸਾਜ ਕੇ ਫਿਰ ਇਸੇ ਦੇ ਰਾਹੀਂ 'ਦੂਜੀ' ਆਪਣੀ ਕਾਇਨਾਤ, ਕੁਦਰਤ ਜਾਂ ਸ੍ਰਿਸ਼ਟੀ ਸਾਜੀ :

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਪੰਨਾ ੪੬੩)

ਇਸੇ ਭਾਵ ਨੂੰ ਇਹ ਮਹਾਂਵਾਕ ਦਰਸਾਉਂਦੇ ਹਨ :

ਨਿਰਭਉ ਨਿਰੰਕਾਰੁ ਸਚੁ ਨਾਮੁ॥ ਜਾ ਕਾ ਕੀਆ ਸਗਲ ਜਹਾਨੁ॥ (ਪੰਨਾ ੪੬੫)
ਕੀਤਾ ਪਸਾਉ ਏਕੋ ਕਵਾਉ॥ (ਪੰਨਾ ੩)
ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭ ਹੋਆ॥ (ਪੰਨਾ ੧੦੦੩)
ਨਾਮੈ ਹੀ ਤੇ ਸਭੁ ਕਿਛੁ ਹੋਆ ......॥ (ਪੰਨਾ ੭੫੩)
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥ (ਪੰਨਾ ੧੩੩੪)
ਇਕੁ ਕਵਾਉ ਕਰਿ ਨਿਰੰਕਾਰਿ ਆਕਾਰੁ ਬਣਾਇਆ॥ (ਭਾ: ਗੁ: ੧੬/੧੧)
ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ॥ (ਭਾ: ਗੁ:੧/੪)
ਇਕ ਕਵਾਉ ਪਸਾਉ ਨਦਰਿ ਨਿਹਾਲਿਆ॥ (ਭਾ: ਗੁ: ੨੧/੧੭)

ਭਾਵ : ਕਰਤਾਰ ਨੇ ਇਕ ਕਵਾਉ (ਬਚਨ ਜਾਂ ਸਬਦ) ਤੋਂ ਆਕਾਰ ਰਚ ਕੇ ਸਾਰਾ ਪਸਾਰਾ ਰਚਿਆ। ਉਹ ਬਚਨ ਜਾਂ ਸ਼ਬਦ ਸੀ ਸਤਿਨਾਮ (ਵਾਹਿਗੁਰੂ)। ਸੁਖਮਨੀ ਸਾਹਿਬ ਵਿਚ ਹੋਰ ਵੀ ਸਪਸ਼ਟ ਤੌਰ ਤੇ ਇਸ ਸਚਾਈ ਨੂੰ ਦਰਸਾਇਆ ਗਿਆ ਹੈ :

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
..........................................................................
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ (ਪੰਨਾ ੨੮੪)

ਇਸ ਸਤਿਨਾਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਕਿਸੇ ਵੀ ਮਹਾਪੁਰਖ, ਅਵਤਾਰ, ਨਬੀ, ਪੈਗੰਬਰ ਆਦਿ ਨੇ ਨਹੀ ਦਰਸਾਇਆ ਤੇ ਦ੍ਰਿੜਾਇਆ। ਜਿਹਾ ਕਿ ਦਸਮੇਸ਼ ਜੀ ਦੇ ਇਨ੍ਹਾਂ ਮਹਾਂਵਾਕਾਂ ਤੋਂ ਸਪਸ਼ਟ ਹੈ :

ਜੋ ਪ੍ਰਭ ਪਰਮ ਪੁਰਖੁ ਉਪਜਾਏ॥ ਤਿਨ ਤਿਨ ਅਪਨ ਰਾਹ ਚਲਾਏ॥
.........................................................
ਸਭ ਤੇ ਅਪਨਾ ਨਾਮ ਜਪਾਯੋ॥ ਸਤਿਨਾਮੁ ਕਾਹੂੰ ਨ ਦ੍ਰਿੜਾਯੋ॥
ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂੰ ਨ ਪਛਾਨਾ॥ (ਬਚਿੱਤ੍ਰ ਨਾਟਕ)

ਵਾਰ ਆਸਾ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਸਪਸ਼ਟ ਕਰਦੇ ਹਨ :

ਮੁਸਲਮਾਨਾ ਸਿਫਤਿ ਸਰੀਅਤ ਪੜਿ ਪੜਿ ਕਰਹਿ ਬੀਚਾਰੁ॥
.........................................................
ਹਿੰਦੂ ਸਾਲਾਹੀ ਸਾਲਾਹਨਿ ਦਰਸਨ ਰੂਪਿ ਅਪਾਰੁ॥
.........................................................
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥ (ਪੰਨਾ ੪੬੫-੬)


www.AKJ.Org

ਭਾਵ : ਮੁਸਲਮਾਨ ਸ਼ਗ੍ਹਾਂ ਸਰੀਅਤ ਦੀ ਮਹਿਮਾ ਹੀ ਗਾਉਂਦੇ ਹਨ। ਹਿੰਦੂ ਛੇ ਦਰਸਨ ਅਤੇ ਹੋਰ ਪੁਰਾਨਾਂ ਆਦਿ ਦੀ ਵਿਆਖਿਆ ਤੇ ਉਨ੍ਹਾਂ ਵਿਚ ਦਰਸਾਏ ਕਰਮ ਕਾਂਡਾਂ ਵਿਚ ਹੀ ਉਲਝੇ ਰਹੇ, ਭਾਵੇ ਸਾਰਿਆ ਦਾ ਮੁਖ ਆਸ਼ਾ ਅਪਰ ਅਪਾਰ ਅਕਾਲ ਪੁਰਖ ਦੇ ਦਰਸ਼ਨਾਂ ਦਾ ਹੀ ਸੀ। ਪਰ ਉਨ੍ਹਾਂ ਵਿਚੋਂ ਸਫਲ ਕੋਈ ਵੀ ਨਾ ਹੋਇਆ। ਸਫਲ ਕੇਵਲ ਉਹ ਭਗਤ ਜਨ ਹੀ ਸਨ ਜਿਨ੍ਹਾਂ ਸਚੇ ਗੁਰੂ, ਨਾਨਕ ਦੇਵ ਜੀ ਤੋਂ ਸਚੇ ਨਾਮ (ਸਤਿਨਾਮ) ਦੀ ਪ੍ਰਾਪਤੀ ਹੋਈ। ਉਨ੍ਹਾਂ ਨੇ ਸਚੇ ਨਾਮ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ ਤੇ ਸਤਿਨਾਮ ਰਾਹੀਂ ਉਸ ਕਰਤਾਰਪੁਰਖ ਦੀ ਸਿਫਤ ਸਲਾਹੁਣ ਦੀ ਭੁਖ ਦੀ ਪੂਰਤੀ ਲਈ ਆਪਣਾ ਲੇਖੇ ਲਾ ਦਿਤਾ। ਇਸੇ ਲਈ ਪਿਛਲੇ ਜੁਗਾਂ ਦੇ ਭਗਤ ਲੋਕ, ਦੇਵਤੇ ਤੇ ਮੁਨੀ ਲੋਕ ਇਸ ਨੂੰ ਲੋਚਦੇ ਰਹੇ ਪਰ ਉਨ੍ਹਾਂ ਨੂੰ ਪ੍ਰਾਪਤ ਨਾ ਹੋ ਸਕਿਆ ਤੇ ਅੰਤ ਕਲਿਜੁਗ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਪ੍ਰਾਪਤ ਹੋਇਆ:

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ॥ (ਪੰਨਾ ੯੧੮)
ਸਾਧਿਕ ਸਿਧਿ ਜਿਸੈ ਕਉ ਫਿਰਦੇ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ॥ (ਪੰਨਾ ੧੩੦)
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥ (ਪੰਨਾ ੨੨੯)
ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰਿ ਕਟ. ਮਿਹਡੀ ਜੇਵੜੀ॥
ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ॥ (ਪੰਨਾ ੭੬੯)

ਇਸ ਇਕੋ ਇਕ ਪਰਾ ਪੂਰਬਲੇ ਸਤਿਨਾਮ ਦੇ ਜਪਣ ਸੰਬੰਧੀ ਹੀ ਇਹ ਮਹਾਂਵਾਕ ਹਨ :

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਪੰਨਾ ੭੨)
ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ (ਪੰਨਾ ੭੨੮)
ਏਕੁ ਨਾਮੁ ਤਾਰੇ ਸੰਸਾਰੁ (ਪੰਨਾ ੧੧੭੫)
ਏਕੋ ਨਾਮੁ ਧਿਆਇ ਮਨ ਮੇਰੇ॥ (ਪੰਨਾ ੮੯੬)
ਏਕ ਨਾਮ ਕੋ ਥੀਓ ਪੂਜਾਰੀ ਮੋਕਉ ਅਚਰਜੁ ਗੁਰਹਿ ਦਿਖਾਇਓ॥ (ਪੰਨਾ ੨੦੯)
ਏਕੁ ਸਬਦੁ ਦੂਜਾ ਹੋਰ ਨਾਸਤ.......॥ (ਪੰਨਾ ੧੫੫)
ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥ (ਪੰਨਾ ੯੩੩)
ਏਕੋ ਨਾਮੁ ਅੰਮ੍ਰਿਤ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥ (ਪੰਨਾ ੧੨੫੯)

ਉਪਰਲੇ ਮਹਾਂਵਾਕ ਸਾਫ਼ ਸਪਸ਼ਟ ਕਰਦੇ ਹਨ ਕਿ ਗੁਰਮਤਿ ਵਿਚ ਏਕੋ ਤੇ ਕੇਵਲ ਏਕੋ ਸਤਿਨਾਮ ਦੇ ਜਪਣ ਦਾ ਹੁਕਮ ਹੈ। ਹੋਰ ਕਿਸੇ ਕਿਰਤਮ, ਕਰਮ ਜਾਂ ਸਿਫ਼ਾਤੀ ਨਾਮ ਦੇ ਜਪਣ ਦਾ ਹੁਕਮ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕਿਰਤਮ ਨਾਮਾਂ ਦਾ ਜਾਪ ਸਿਮਰਣ ਪੂਰਨ ਫ਼ਲਦਾਇਕ ਹੋ ਸਕਦਾ ਹੈ।(ਚਲਦਾ)

(ਪੰਨਾ ੮ ਦਾ ਬਾਕੀ ...)

ਉਹਨਾਂ ਨੇ ਜੀਵਨ ਦੇ ਹਰ ਮੈਦਾਨ ਵਿਚ ਪ੍ਰਮੇਸ਼ਰ-ਸ਼ਕਤੀ ਨਾਲ ਜੁੜੇ ਰਹਿਣ ਦਾ ਆਦੇਸ਼ ਦੇ ਕੇ ਇਹ ਵੀ ਸਮਝਾਇਆ ਹੈ ਕਿ ਜੇ 'ਆਦਰਸ਼-ਭਾਵਨਾ' ਕਬੁਧਿ, ਦੁਰਮਤਿ ਤੇ ਦੁਸ਼ਟ-ਦੋਖੀਆਂ ਨੂੰ ਪਛਾੜਨ ਵਾਲੀ ਹੈ, ਕਿਸੇ ਤਰ੍ਹਾਂ ਦਾ ਕਬਜ਼ਾ ਜਾਂ ਮੈਂਮੇਰੀ ਦਾ ਪ੍ਰਗਟਾ ਕਰਨ ਵਾਲੀ ਨਹੀਂ, ਤਾਂ ਨਿਸਚੇ ਹੀ ਪ੍ਰਭੂ-ਪ੍ਰਮੇਸਰ 'ਫ਼ਤਹਿ' ਪ੍ਰਦਾਨ ਕਰੇਗਾ। ਧਰਮ-ਯੁੱਧ ਲਈ ਤਾਂ ਘਣ ਵਾਲੀ ਭਾਵੇਂ ਕੋਈ 'ਗੁਰੂ-ਸ਼ਖਸੀਅਤ' ਹੋਵੇ ਜਾਂ ਗੁਰੂ-ਕੌਮ ਦਾ ਕੋਈ ਆਗੂ ਹੋਵੇ, ਜੇ ਉਸ ਦੀ ਆਦਰਸ਼-ਭਾਵਨਾ ਵਿਚ 'ਵਾਸ਼ਨਾ' ਨਹੀਂ, ਕਬਜ਼ਾ ਕਰਨ ਦੀ ਲਾਲਸਾ ਨਹੀਂ, ਕੌਮ ਤੇ ਧਰਮ ਦਾ ਮੁਖ ਉੱਜਲਾ ਸਿਰਜਨ ਦਾ ਹੀ ਚਾਅ ਹੈ, ਤਾਂ ਸਹਿਜੇ ਹੀ ਉਸ ਨੂੰ ਫ਼ਤਹਿ ਪ੍ਰਾਪਤ ਹੁੰਦੀ ਹੈ। ਗੁਰੂ ਗੋਬਿੰਦ ਜੀ ਦੇ ਧਰਮ-ਯੁੱਧ ਨੂੰ 'ਵਾਹਿਗੁਰੂ ਦੀ ਫ਼ਤਹਿ' ਪ੍ਰਾਪਤੀ ਤੇ ਸਥਾਪਤੀ ਲਈ ਨਿਰੰਤਰ ਹੋ ਰਹੀ ਯੁੱਧ-ਲੜੀ ਦੀ ਹੀ ਇਕ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਕੜੀ ਕਹਿਣਾ ਚਾਹੀਦਾ ਹੈ।

■ ■ ■

# ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ

(ਅਜੀਤ ਕੌਰ ਲੁਧਿਆਣਾ)

ਸਾਲ ਵਿੱਚ ਵਾਰੀ ਵਾਰੀ ਛੇ ਰੁੱਤਾਂ ਆਉਂਦੀਆਂ ਹਨ। ਪਰ ਇਹਨਾ ਵਿਚੋਂ ਬਸੰਤ ਰੁੱਤ ਨੂੰ ਸਭ ਦੀ ਸਰਦਾਰ ਮੰਨਿਆ ਗਿਆ ਹੈ। ਇਸ ਰੁੱਤ ਵਿੱਚ ਮੌਸਮ ਸੁਹਾਵਣਾ ਤੇ ਅਨੰਦ ਮਈ ਹੁੰਦਾ ਹੈ। ਹਰ ਪਾਸੇ ਪ੍ਰਕ੍ਰਿਤੀ ਦਾ ਖਿੜਾਓ ਦੇਖ, ਠੰਡੀ-ਮਿੱਠੀ ਧੁੱਪ ਵਿਚੋਂ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਹਨ। ਪਰ ਸਦੀਵੀ ਅਨੰਦ ਉਨ੍ਹਾਂ ਜੀਵਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾ ਦੇ ਮਨ ਵਿੱਚ ਪ੍ਰਭੂ-ਪ੍ਰੇਮ ਪੈਦਾ ਹੋ ਗਿਆ ਹੈ। ਗੁਰੂ ਸਾਹਿਬਾਂ ਦਾ ਫੁਰਮਾਨ ਹੈ :-

"ਸਦਾ ਬਸੰਤ ਗੁਰ ਸਬਦੁ ਵੀਚਾਰੇ। ਰਾਮ ਨਾਮ ਰਾਖੇ ਉਰਧਾਰੇ।। (ਪੰਨਾ ੧੧੭੬)

ਜਿਸ ਜੀਵ ਨੇ ਆਪਾ-ਭਾਵ ਮਿਟਾ ਕੇ, ਪ੍ਰਭੂ ਦੀ ਹੋਂਦ ਨੂੰ ਜ਼ਰੇ ਜ਼ਰੇ ਵਿੱਚ ਅਨੁਭਵ ਕਰ ਲਿਆ ਹੈਂ ਉਸ ਨੂੰ ਸਦੀਵੀ-ਅਨੰਦ ਦੀ ਪ੍ਰਾਪਤੀ ਹੋ ਗਈ ਹੈ। ਉਹ ਪ੍ਰਕ੍ਰਿਤੀ ਦੇ ਕਣ-ਕਣ ਵਿੱਚ ਕਾਦਰ ਨੂੰ ਰਮਿਆ ਹੋਇਆ ਅਨੁਭਵ ਕਰਦਾ ਹੈ। ਇਸ ਸੁਹਾਵਣੀ ਰੁੱਤ ਵਿੱਚ ਸਾਰੇ ਜੀਵ-ਜੰਤੂ ਅਨੰਦਤ ਹੋ ਜਾਂਦੇ ਹਨ। ਮਨੁੱਖੀ ਜੀਵਨ ਦਾ ਮਨੋਰਥ ਹੀ ਆਤਮਕ ਅਨੰਦ ਪ੍ਰਾਪਤ ਕਰਨਾ ਹੈ। ਇਹ ਸਮਾਂ ਨਾਮ ਜਪਣ ਦਾ ਹੈ, ਹੋਰ ਕਿਸੇ ਕਿਸਮ ਦੇ ਕਰਮ ਕਰਨ ਦਾ ਨਈਂ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ ਤੇ ਕੁਦਰਤ ਵਿੱਚ, ਹਰਿਆਵਲ, ਸੁਗੰਧੀ ਤੇ ਬਾਹਰ ਆਉਂਦੀ ਹੈ ਪਰ ਕੁਝ ਬੂਝੇ ਫੇਰ ਵੀ ਸੁੱਕੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਰਹਿੰਦਾ ਹੈ। ਜੋ ਮਨੁੱਖ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਨਹੀਂ ਹੁੰਦਾ ਉਹ ਸੁੱਕੇ ਹੋਏ ਬੂਟ ਦੀ ਤਰ੍ਹਾਂ ਹੁੰਦਾ ਹੈ ਜਿਸ ਉਤੇ ਬਸੰਤ ਰੁੱਤਾ ਦਾ ਕੋਈ ਪ੍ਰਭਾਵ ਨਹੀਂ ਹੁੰਦਾ। ਬਸੰਤ ਰੁੱਤ ਤਾਂ ਸਾਲ ਵਿੱਚ ਦੋ ਮਹੀਨੇ ਹੀ ਰਹਿੰਦੀ ਹੈ ਪਰ ਨਾਮ-ਅਭਿਆਸੀ ਜੀਵ ਸਭ ਰੁੱਤਾਂ ਵਿੱਚ ਖਿੜਿਆ ਰਹਿੰਦਾ ਹੈ- ਉਸ ਦੇ ਆਤਮਿਕ ਖੇੜੇ ਦਾ ਭੇਦ ਪ੍ਰਭੂ-ਸਿਮਰਨ ਹੁੰਦਾ ਹੈ। ਗੁਰਬਾਣੀ ਦਾ ਮਨੋਰਥ ਮੁਰਝਾਏ ਹੋਏ ਹਿਰਦਿਆਂ ਨੂੰ ਖਿੜਾਉਣਾ ਤੇ ਉਨ੍ਹਾਂ ਅੰਦਰ ਪਿਆਰ ਦੀ ਸਗੁੰਧੀ ਪੈਦਾ ਕਰਨਾ ਹੈ :-

- ਮਾਹਾ ਰੁਤੀ ਮਹਿ ਸਦਾ ਬਸੰਤ।। ਜਿਤੁ ਹਰਿਆ ਸਭੁ ਜੀਅ ਜੰਤ।। (ਪੰਨਾ ੧੧੭੨)
- ਬਸੰਤ ਚੜਿਆ ਫੂਲੀ ਬਨਰਾਇ।। ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ।।(ਪੰਨਾ ੧੧੭੭)

ਬਸੰਤ ਰੁਤ ਕੁਦਰਤ ਅੰਦਰ ਹਰ ਪਾਸੇ ਖੇੜਾ ਲੈਕੇ ਆਉਂਦੀ ਹੈ। ਇਹ ਖੇੜਾ ਮਨੁੱਖ ਲਈ ਇਕ ਪ੍ਰੇਰਨਾ ਹੈ। ਜਿਹੜਾ ਜੀਵ ਹਉਮੈ ਕਰਕੇ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ ਤੇ ਉਸਨੂੰ ਆਤਮਕ ਸੋਕੜਾ ਲੱਗ ਜਾਂਦਾ ਹੈ ਪਰ ਜੇ ਉਹ ਸਤਿ ਸੰਗਤ ਕਰੇ ਤਾਂ ਮੁੜਕੇ ਹਰਾ-ਭਰਾ ਹੋ ਸਕਦਾ ਹੈ। ਗੁਰਬਾਣੀ ਦਾ ਇਹੀ ਮੰਤਵ ਹੈ ਕਿ ਮਨੁੱਖ ਦਾ ਮਨ ਮੌਲ ਪਵੇ। ਗੁਰਬਾਣੀ ਮਨੁੱਖ ਨੂੰ ਆਤਮਿਕ-ਜਾਗ੍ਰਤੀ ਪ੍ਰਦਾਨ ਕਰਦੀ ਹੈ। ਗੁਰਬਾਣੀ ਅੰਦਰ ਬਸੰਤ ਰੁੱਤ ਨੂੰ ਮੁਬਾਰਕ ਆਖਿਆ ਹੈ ਕਿਉਂਕਿ ਇਸ ਰਾਹੀਂ ਮਨੁੱਖ ਨੂੰ ਅਜਿਹੀ ਪ੍ਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ-ਨਾਮ ਵਿੱਚ ਰੱਤਾ ਰਹਿਣ ਲਈ ਉਤਾਵਲਾ ਹੁੰਦਾ ਹੈ। ਮਨੁੱਖ ਅਧਿਆਤਮਕ ਪੱਖ ਤੇ ਚੱਲਕੇ ਅੰਦਰੋਂ ਮੌਲ ਸਕਦਾ ਹੈ :-

ਤਿਸ ਬਸੰਤ ਜਿਸ ਪ੍ਰਭੁ ਕ੍ਰਿਪਾਲ।। ਤਿਸ ਬਸੰਤ ਜਿਸ ਗੁਰ ਦਇਆਲ।। (ਪੰਨਾ ੧੧੮੦)

ਅਤੇ

ਬਨਸਪਤਿ ਮਉਲੀ ਚੜ੍ਹਿਆ ਬਸੰਤ।। ਇਹ ਮਨ ਮਉਲਿਆ ਸਤਿਗੁਰੂ ਸੰਗ।। (ਪੰਨਾ ੧੧੭੬)

ਕੁਦਰਤ ਤੇ ਧਰਮ-ਗ੍ਰੰਥਾਂ ਦਾ ਉਪਦੇਸ਼ ਸਮਦਰਸੀ ਹੁੰਦਾ ਹੈ। ਇਹਨਾ ਦਾ ਉਪਦੇਸ਼ ਸਭ ਜੀਵਾਂ ਨੂੰ ਬਰਾਬਰ ਅਨੰਦ ਪ੍ਰਦਾਨ ਕਰਦਾ ਹੈ :-

ਮਉਲੀ ਧਰਤੀ ਮਉਲਿਆ ਅਕਾਸ।। ਘਟਿ ਘਟਿ ਮਉਲਿਆ ਆਤਮ ਪ੍ਰਗਾਸ।। (ਪੰਨਾ ੧੧੯੩)

ਅੱਜ ਸੰਸਾਰ ਦੇ ਜੀਵ ਤ੍ਰਿਸ਼ਨਾ ਦੀ ਅੱਗ ਵਿੱਚ ਸੜਕੇ ਸੁਆਹ ਹੋ ਚੁੱਕੇ ਹਨ। ਹਰ ਪਾਸੇ ਬਦਅਮਨੀ ਤੇ ਹਾਹਾਕਾਰ ਮੱਚੀ ਹੋਈ ਹੈ। ਉਹਨਾ ਦੇ ਮਨਾਂ ਨੂੰ ਮਾਇਆ ਦੇ ਭਰਮ ਅਤੇ ਦੁਬਿਧਾਵਾ ਨੇ ਖੁਸ਼ਕ ਕਰ ਦਿੱਤਾ ਹੈ। ਇਹ ਰੁੱਤ ਭਾਵ ਇਹ ਮਨੁੱਖਾ ਜਨਮ ਨਾਮ ਜਪਣ ਤੇ ਹਰੇ ਭਰੇ ਹੋਣ ਦਾ ਹੈ। ਨਾਮ ਸਿਮਰਨ ਨਾਲ ਅੰਦਰੋਂ ਅਨੰਦ ਤੇ ਵਿਵਹਾਰ੍ਰਕ ਜੀਵਨ ਵਿੱਚ ਖੇੜਾ ਆਉਂਦਾ ਹੈ। ਪ੍ਰਭੂ ਦੀ ਜੋਤ ਦਾ ਅੰਤਹਕਰਣ ਵਿੱਚ



www.AKJ.Org

ਅਨੁਭਵ ਕਰਨ ਨਾਲ ਮਨੁੱਖੀ ਜੀਵਨ ਵਿੱਚ ਬਸੰਤ (ਖੇੜਾ) ਆ ਸਕਦੀ ਹੈ। ਗੁਰਬਾਣੀ ਦਾ ਆਤਮਕ-ਮਾਰਗ ਬਾਹਰ ਦੀ ਭਟਕਣਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦੇ ਰਿਹਾ ਹੈ:-

"ਆਜ ਹਮਾਰੇ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ ਬੇਅੰਤ॥

ਜਦੋਂ ਮਨੁੱਖ ਦੇ ਮਨ ਅੰਦਰੋਂ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ ਤਾਂ ਉਸਦੀ ਸੁਰਤ ਨਾਮ-ਸਿਮਰਨ ਵਿੱਚ ਟਿਕ ਜਾਂਦੀ ਹੈ। ਫਿਰ ਸਦ ਬਸੰਤ ਦੀ ਰੁੱਤ ਵਿੱਚ ਸਦੀਵੀ ਜੀਵਨ ਖੇੜੇ ਵਾਂਗ ਹੁੰਦਾ ਹੈ ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਮੁਕਤ ਹੋ ਕੇ ਦੈਵੀ ਗੁਣਾਂ ਦਾ ਮਾਲਕ ਬਣ ਜਾਂਦਾ ਹੈ

ਗੁਰੂ ਸਾਹਿਬ ਆਪਣੀ ਪਵਿੱਤਰ ਰਚਨਾ "ਬਸੰਤ ਕੀ ਵਾਰ" ਵਿੱਚ ਸੁੱਕੇ ਹੋਏ ਸੰਸਾਰੀ ਜੀਵਾਂ ਨੂੰ ਹਰਾ ਭਰਾ ਕਰਨ ਲਈ ਉਪਦੇਸ਼ ਦ੍ਰਿੜ ਕਰਵਾ ਰਹੇ ਹਨ :-

ਹਰਿ ਕਾ ਨਾਮ ਧਿਆਇ ਕੈ ਹੋਹੁ ਹਰਿਆ ਭਾਈ॥
ਕਰਮਿ ਲਿਖੰਤੇ ਪਾਈਐ ਇਹ ਰੁਤਿ ਸੁਹਾਈ॥
ਵਣ ਤ੍ਰਿਣ ਤ੍ਰਿਭਵਣ ਮਉਲਿਆ ਅੰਮ੍ਰਿਤ ਫਲ ਪਾਈ॥
ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ॥
ਨਾਨਕ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥ (ਪੰਨਾ ੧੧੯੩)

ਕੁਦਰਤ ਦਾ ਖੇੜਾ ਤਾਂ ਸ਼ੁਭ ਹਰੀ ਦੇ ਖੇੜੇ ਕਰਕੇ ਹੈ। ਹਰੀ ਤਾਂ ਸਦਾ ਹੀ ਖਿੜਿਆ ਰਹਿੰਦਾ ਹੈ। ਬਸੰਤ ਰੁੱਤ ਦੇ ਖੇੜੇ ਤੋਂ ਸਾਨੂੰ ਹਰੀ-ਪ੍ਰਮਾਤਮਾ ਦੀ ਯਾਦ ਆਉਣੀ ਚਾਹੀਦੀ ਹੈ। ਅਸੀਂ ਹਰੀ ਨੂੰ ਰਸਮੀਂ ਤੌਰ ਤੇ ਪਾਠ-ਪਠਨ ਰਾਹੀਂ ਯਾਦ ਕਰਦੇ ਹਾਂ। ਪ੍ਰਭੂ ਨਾਲ ਸਾਡਾ ਮਿਲਾਪ ਸਰੀਰਕ ਨਹੀਂ ਸਗੋਂ ਆਤਮਕ ਹੁੰਦਾ ਹੈ। ਅਧਿਆਤਮਕ ਰਚਨਾ ਦਾ ਮੰਤਵ ਅੰਤਰ-ਆਤਮੇਂ ਦਾ ਮੇਲ ਹੈ। ਇਹੀ ਮੇਲ ਸਾਡੇ ਮਨ ਦੇ ਖੇੜੇ ਦਾ ਕਾਰਨ ਬਣਦਾ ਹੈ। ਇਸ ਸਾਧਨ ਰਾਹੀਂ ਅਸੀਂ ਅੰਤਰ-ਆਤਮੇ ਦਾ ਵਾਸਾ ਲਭ ਸਕਦੇ ਹਾਂ।

"ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
ਜਿਤੁ ਮਉਲਿਐ ਸਭ ਮਉਲਿਐ, ਤਿਸਹਿ ਨ ਮਉਲਿਓ ਕੋਇ॥ (ਪੰਨਾ 791)
ਨਾਨਕ ਤਿਨਾ ਬਸੰਤ ਹੈ ਜਿਨ ਘਰਿ ਵਸਿਆ ਕੰਤ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥ (ਪੰਨਾ 791)

ਗੁਰਬਾਣੀ ਸਾਨੂੰ ਬਾਹਰੀ ਖੇੜੇ ਤੋਂ ਉਪਰ ਉਠਾ ਕੇ ਅੰਤਰ-ਆਤਮੇ ਦੇ ਮੇਲ ਲਈ ਪ੍ਰੇਰਨਾ-ਸ੍ਰੋਤ ਪ੍ਰਦਾਨ ਕਰਦੀ ਹੈ। ਅੰਤਰ-ਆਤਮੇ ਦਾ ਮਿਲਾਪ ਕਦੇ ਵਿਛੋੜੇ ਦਾ ਕਾਰਨ ਨਹੀਂ ਬਣ ਸਕਦਾ :-

"ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ-ਆਤਮੈ ਜੋ ਮਿਲੇ ਮਿਲਿਆ ਕਹੀਐ ਸੋਇ॥ (ਪੰਨਾ 791)

ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰੋ ਜੋ ਹਮੇਸ਼ਾਂ ਖਿੜਿਆ ਰਹਿੰਦਾ ਹੈ। ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ਜੋ ਸਭ ਦਾ ਆਸਰਾ ਹੈ। ਸਾਰਾ ਜਗਤ ਉਸ ਦੇ ਆਸਰੇ ਮੌਲਦਾ ਹੈ। ਜਿਨ੍ਹਾਂ ਜੀਵ ਇਸਤ੍ਰੀਆਂ ਦਾ ਪ੍ਰਭੂ-ਪਤੀ ਉਹਨਾਂ ਦੇ ਹਿਰਦੇ ਰੂਪੀ ਘਰ ਵਿੱਚ ਵਸਦਾ ਹੈ ਉਨ੍ਹਾਂ ਦੇ ਹਿਰਦੇ ਸਦੀਵੀ ਖੇੜੇ ਵਿੱਚ ਰਹਿੰਦੇ ਹਨ। ਜਿਵੇਂ ਸਮਾਜ ਵਿੱਚ ਪਤੀ ਤੋਂ ਵਿਹੂਣੀ ਇਸਤ੍ਰੀ ਹਰ ਤਰ੍ਹਾਂ ਦੇ ਸੰਸਾਰਕ ਸੁਖ-ਅਰਾਮ ਤੇ ਸਹੂਲਤਾਂ ਦੇ ਹੁੰਦਿਆਂ ਹੋਇਆਂ ਵੀ ਸੁਖੀ ਜੀਵਨ ਨਹੀਂ ਜਿਉ ਸਕਦੀ ਤਿਵੇਂ ਹੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੀ ਹੋਂਦ ਦੇ ਅਨੁਭਵ ਤੋਂ ਬਿਨਾਂ ਅਨੰਦ ਮਈ ਜੀਵਨ ਨਹੀਂ ਜਿਉਂ ਸਕਦੀ। ਜਿਸ ਜੀਵ-ਇਸਤ੍ਰੀ ਤੇ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ ਉਸ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਉਸ ਲਈ ਹਰ ਸਮਾਂ ਸੁਹਾਵਣਾ ਹੋ ਜਾਂਦਾ ਹੈ। ਗੁਰਦੇਵ ਫੁਰਮਾਨ ਕਰਦੇ ਹਨ :-

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥
(ਪੰਨਾ ੧੧੦੯)


www.AKJ.Org

# ਇਕ ਇਤਿਹਾਸਕ ਖ਼ਤ

(ਸ੍ਰ: ਗੁਰਚਰਨਜੀਤ ਸਿੰਘ ਐਡਵੋਕੇਟ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਜਦੋਂ ਗੁਰੂ ਸਾਹਿਬ ਦੇ ਰਸੋਈਏ ਗੰਗੂ ਬ੍ਰਾਹਮਣ ਦੀ ਅਕ੍ਰਿਤਘਣਤਾ ਨਾਲ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿਚ ਪੇਸ਼ ਹੋਏ ਤਾਂ ਵਜ਼ੀਰ ਖਾਨ ਨੇ ਉਹਨਾਂ ਨੂੰ ਆਪਣੇ ਧਰਮ ਤੋਂ ਪਤਿਤ ਕਰਣ ਲਈ ਲਾਲਚ, ਡਰ ਅਤੇ ਭਰਮ ਭੁਲੇਖੇ ਸਭ ਵਰਤ ਕੇ ਵੀ ਉਹਨਾਂ ਦੇ ਸਿਦਕ ਨੂੰ ਡੂਲਾ ਨਾ ਸਕਿਆ। ਉਹ ਭੁਲ ਗਿਆ ਕਿ ਇਹ ਮਾਸੂਮ ਸਾਹਿਬਜ਼ਾਦੇ ਉਸ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਨ ਜਿਹਨਾਂ ਨੇ ਦੂਸਰਿਆਂ ਦੇ ਧਰਮ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ ਤੇ ਕੀ ਅੱਜ ਇਹ ਆਪਣੇ ਧਰਮ ਦੀ ਰਾਖੀ ਨਹੀਂ ਕਰ ਸਕਣਗੇ ? ਆਖਿਰ ਵਿਚ ਵਜ਼ੀਰ ਖਾਨ ਨੇ ਇਹਨਾਂ ਦੋਨੋ ਗੁਰੂ ਕਿਆਂ ਲਾਲਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰ ਦੇਣ ਦਾ ਹੁਕਮ ਸੁਣਾ ਦਿੱਤਾ। ਇਸ ਤੋਂ ਕਚਹਿਰੀ ਵਿਚ ਮੌਜੂਦ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਸਾਹਿਬ ਨੇ 'ਹਾਅ ਦਾ ਨਾਅਰਾ' ਮਾਰਿਆ ਅਤੇ ਕਿਹਾ ਕਿ ਇਹ ਹਰਕਤ ਇਸਲਾਮ ਅਤੇ ਇਨਸਾਨੀਅਤ ਤੇ ਇਕ ਬਹੁਤ ਵੱਡਾ ਕਲੰਕ ਹੈ। ਇਹ ਇਕ ਨਿੰਦਣ ਯੋਗ ਕਾਰਵਾਈ ਹੈ ਅਤੇ ਕਿਸੇ ਵੀ ਤਰਾਂ ਇਸ ਦੀ ਹਿਮਾਇਤ ਨਹੀਂ ਕੀਤੀ ਜਾ ਸਕਦੀ। ਸ਼ੇਰ ਖਾਨ ਸਾਹਿਬ ਵਲੋਂ ਪਈਆਂ ਲਾਅਨਤਾਂ ਦੀ ਵਜ੍ਹਾ ਕਰਕੇ ਵਜ਼ੀਰ ਖਾਨ ਦੀ ਆਤਮਾ ਵੀ ਕੰਬ ਉਠੀ। ਅਤੇ ਉਸਨੇ ਸਾਹਿਬਜ਼ਾਦਿਆਂ ਨੂੰ ਛੱਡਣ ਦਾ ਮਨ ਬਣਾ ਲਿਆ ਪਰ ਉਸ ਕਚਹਿਰੀ ਵਿਚ ਮੌਜੂਦ ਉਸਦੇ ਦੀਵਾਨ ਸੁੱਚਾ ਨੰਦ ਨੇ ਸਲਾਹ ਦਿੱਤੀ ਕਿ ਸੱਪ ਦੇ ਬੱਚੇ ਵੀ ਸੱਪ ਹੀ ਹੁੰਦੇ ਹਨ ਅਤੇ ਇਹਨਾਂ ਨੂੰ ਕਿਸੇ ਵੀ ਤਰਾਂ ਛੱਡਣਾ ਸਿਆਣਪ ਨਹੀਂ ਹੋਵੇਗੀ। ਦੋਚਿੱਤੀ ਵਿਚ ਪਏ ਵਜ਼ੀਰ ਖਾਨ ਦੇ ਉੱਤੇ ਆਖਿਰ ਸ਼ੈਤਾਨ ਹਾਵੀ ਹੋ ਗਿਆ ਅਤੇ ਉਸਨੇ ਨਿੱਕੇ ਨਿੱਕੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ।

ਕਲਗੀਧਰ ਪਿਤਾ ਨੂੰ ਇਸ ਖੂਨੀ ਸਾਕੇ ਦੀ ਜਦੋਂ ਖਬਰ ਮਿਲੀ ਅਤੇ ਸ਼ੇਰ ਖਾਨ ਸਾਹਿਬ ਵਲੋਂ ਮਾਨਵਤਾ ਅਤੇ ਇਨਸਾਨੀਅਤ ਦੇ ਹੱਕ ਵ੍ਰਿਚ 'ਹਾਅ ਦੇ ਨਾਅਰੇ' ਦੀ ਖਬਰ ਸੁਣਕੇ ਕਲਗੀਧਰ ਪਿਤਾ ਦੀਆਂ ਅੱਖਾਂ ਵੀ ਨਮ ਹੋ ਗਈਆਂ ਅਤੇ ਆਪ ਜੀ ਨੇ ਕਿਹਾ ਕਿ ਹੰਝੂ ਖੁਸ਼ੀ ਦੇ ਹੰਝੂ ਹਨ, ਮੈਨੂੰ ਖੁਸ਼ੀ ਹੈ ਕਿ ਜਿਸ ਧਰਮ ਹੇਤ ਗੁਰੂ ਤੇਗ ਬਹਾਦਰ ਜੀ ਨੇ ਸਾਕਾ ਕੀਤਾਂ ਸੀ ਅੱਜ ਧਰਮ ਬਚ ਗਿਆ ਹੈ। ਪ੍ਰਕਾਸ਼ ਸ਼ਿਮਲਵੀ ਨੇ ਇਸ ਮਹਾਨ ਸਾਕੇ ਬਾਰੇ ਇਸ ਤਰਾਂ ਲਿਖਿਆਂ :

ਸਰਹੰਦ ਚੋ ਸੁਨੇਹਾ ਮਿਲਿਆ ਕਿ ਲਾਲ ਟੁਰ ਗਏ।
ਦੋਵੇਂ ਸ਼ਹੀਦ ਹੋ ਗਏ ਨੇ ਨੌਨਿਹਾਲ ਟੁਰ ਗਏ।
ਸੂਬੇ ਨੇ ਕੰਧ ਅੰਦਰ ਦੋਵੇਂ ਨਪੀੜ੍ਹ ਦਿੱਤੇ।
ਕੋਮਲ ਸਰੀਰ ਇਟਾਂ ਦੇ ਵਿੱਚ ਪੀੜ ਦਿੱਤੇ।
ਸੁਣ ਕੇ ਇਹ ਗੱਲ ਸਾਰੀ ਉਹ ਮੁਸਕਰਾ ਕੇ ਉਠਿਆ।
ਉਸ ਬਾਦਸ਼ਾਹ ਨੇ ਨੂਰੇ ਦੇ ਕੋਲ ਆ ਕੇ ਪੁੱਛਿਆ।
ਤੂੰ ਰੂ-ਬਰੂ ਸੈਂ ਉਥੇ ਕੋਈ ਗੱਲ ਨਾ ਲੁਕਾਈਂ।
ਤੇ ਸਾਫ਼ ਸਾਫ਼ ਦਸੀਂ ਕੋਈ ਕਹਿਰ ਨਾ ਕਮਾਈਂ।
ਕੋਈ ਹਿੰਝ ਤੇ ਨਾ ਕੇਰੀ ਕੋਈ ਆਹ ਤੇ ਨਾ ਕੱਢੀ।
ਲਾਲਾਂ ਨੇ ਕਿਧਰੇ ਉਚੀ ਕੋਈ ਸਾਹ ਤੇ ਨਾ ਕੱਢੀ।
ਤੇਸੀ ਦੇ ਨਾਲ ਲੱਗੀ ਜਦ ਸੱਟ ਸੀ ਕਰਾਰੀ।
ਮੇਰੇ ਫ਼ਤਿਹ ਨੇ ਉਚੀ ਕੋਈ ਚੀਖ ਤੇ ਨਾ ਮਾਰੀ।
ਇਹ ਕਹਿਣ ਦਾ ਵੀ ਅੰਦਾਜ਼ ਵਖੱਰਾ .ਸੀ।
ਜੋ ਉਸ ਨੇ ਵਜਾਇਆ ਉਹ ਸਾਜ਼ ਵਖਰਾ ਸੀ। (ਪ੍ਰਕਾਸ਼ ਸ਼ਿਮਲਵੀ)



www.AKJ.Org

ਬਖਸ਼ਿਸ਼ ਦੇ ਘਰ ਵਿਚ ਆਏ ਉਸ ਗੁਰੂ ਪਿਤਾ ਨੇ ਨਵਾਬ ਸ਼ੇਰ ਖਾਨ ਸਾਹਿਬ ਨੂੰ ਇਕ ਸ੍ਰੀ ਸਾਹਿਬ, ਹੁਕਮਨਾਮੇ ਅਤੇ ਹੋਰ ਬਖਸ਼ਿਸ਼ਾਂ ਨਾਲ ਨਿਵਾਜਿਆ। ਇਹ ਵਸਤਾਂ ਮਲੇਰਕੋਟਲਾ ਖਾਨਦਾਨ ਨੇ ਗੁਰੂ ਦੀ ਅਪਾਰ ਰਹਿਮਤ ਜਾਣਕੇ ਆਪਣੀ ਹਿੱਕ ਨਾਲ ਸਾਂਭ ਕੇ ਰੱਖੀਆਂ ਹਨ। ਇਹ ਗੁਰੂ ਰਹਿਮਤਾਂ ਦਾ ਹੀ ਸਦਕਾ ਸੀ ਕਿ 1947 ਵਿਚ ਜਦੋਂ ਸਾਰਾ ਪੰਜਾਬ ਸੜ ਰਿਹਾ ਸੀ ਤਾਂ ਇਹ ਪ੍ਰਤੱਖ ਕਰਾਮਾਤ ਅਤੇ ਗੁਰੂ ਦੀ ਸ਼ਕਤੀ ਹੀ ਸੀ ਕਿ ਮਲੇਰਕੋਟਲਾ ਰਿਆਸਤ ਵਿਚ ਇਕ ਵੀ ਵਾਰਦਾਤ ਨਹੀਂ ਹੋਈ। ਇਸ ਗੱਲ ਨੇ ਇਹ ਸਾਬਤ ਕਰ ਦਿੱਤਾ ਕਿ ਧਰਮ ਅਤੇ ਇਖਲਾਕ ਦੀ ਤਾਕਤ ਰਾਜ ਸ਼ਕਤੀ ਨਾਲੋਂ ਕਿਧਰੇ ਵੱਧ ਕਾਰਗਰ ਹੋ ਸਕਦੀ ਹੈ। ਇਸ ਪ੍ਰੇਰਨਾਮਈ ਇਤਿਹਾਸਕ ਘਟਨਾ ਨੂੰ ਸਾਰੇ ਦੇਸ਼ ਦੇ ਸਕੂਲਾਂ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ।

ਇਸ ਖਾਨਦਾਨ ਦੇ ਆਖਰੀ ਨਵਾਬ ਸਾਹਿਬ ਇਫਤਿਖਾਰ ਅਲੀ ਖਾਨ ਸਾਹਿਬ ਦੀ ਧਰਮ ਪਤਨੀ ਸਾਜਿਦਾ ਬੇਗਮ ਸਾਹਿਬਾ ਨੇ ਖਾਲਸੇ ਦੇ 300 ਸਾਲਾ ਸਿਰਜਣਾ ਦਿਵਸ ਤੇ ਖਾਲਸੇ ਨੂੰ ਵਧਾਈ ਤਾਂ ਦਿੱਤੀ ਹੈ ਪਰ ਧਰਮ ਤੋਂ ਦੂਰ ਜਾ ਕੇ ਗੁਰੂ ਕੀ ਮੋਹਰ ਕੇਸਾਂ ਦੀ ਸੰਭਾਲ ਨਾ ਕਰਨ ਕਰਕੇ ਅਫਸੋਸ ਵੀ ਪ੍ਰਗਟ ਕੀਤਾ ਹੈ। ਇਹ ਚਿੱਠੀ ਆਪ ਜੀ ਨੇ ਇਹਨਾਂ ਸਤਰਾਂ ਦੇ ਲਿਖਾਰੀ ਵਲੋਂ ਲਿਖੀ ਪੁਸਤਕ 'ਇਕ ਖਤ ਤਾਰੂ ਸਿੰਘ ਦੇ ਵਾਰਸ ਦੇ ਨਾਮ .........'ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦਿੱਤੇ ਹਨ। ਉਹਨਾਂ ਦੀ ਇਹ ਇਤਿਹਾਸਕ ਚਿੱਠੀ ਪਾਠਕਾਂ ਦੀ ਗਿਆਤ ਲਈ ਪੇਸ਼ ਹੈ।

**SAJIDA BEGUM**

SEAL

PH: CHANDIGARH 547320
MALERKOTLA 53326, 50627
KOTHI N0. 66, SECTOR 11
CHANDIGARH
RESI;SHISH MEHAL
MELERKOTLA 148023

ਗੁਰਚਰਨਜੀਤ ਸਿੰਘ ਜੀ ਲਾਂਬਾ,

ਆਪ ਦੀ ਪੁਸਤਕ 'ਇਕ ਖਤ ਭਾਈ ਤਾਰੁ ਸਿੰਘ ਦੇ ਵਾਰਸ ਦੇ ਨਾਮ ...... ਤੇ ਵਧਾਈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੇ ਆਪਨੇ ਅਕੀਦੇ ਅਤੇ ਦੀਨ ਤੇ ਕਾਇਮ ਰਹਿਣ ਖਾਤਰ ਵਜੀਰ ਖਾਨ ਵਲੋਂ ਜ਼ਿੰਦਾ ਦੀਵਾਰ ਵਿਚ ਚੁਣੇ ਜਾਣਾ ਕਬੂਲ ਕੀਤਾ ਪਰ ਧਰਮ ਨਾ ਛਡਿਆ। ਸਾਨੂੰ ਫਖਰ ਹੈ ਕਿ ਸਾਡੇ ਖਾਨਦਾਨ ਦੇ ਬਜ਼ੁਰਗ ਨਵਾਰ ਸ਼ੇਰ ਖਾਨ ਸਾਹਿਬ ਨੇ ਇਸ ਜ਼ੁਲਮੇ ਕਦੀਮ ਤੇ ਹਾਅ ਦਾ ਨਾਅਰਾ ਮਾਰਿਆ। ਇਸ ਇਤਿਹਾਸਕ ਫਰਜ ਨੂੰ ਪੂਰਾ ਕਰਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੁਕਮ ਨਾਮੇ ਅਤੇ ਬਖਸ਼ਿਸ਼ਾਂ ਨਾਲ ਸਾਨੂੰ ਨਿਵਾਜਿਆ।

ਖਾਲਸੇ ਦੇ 300 ਸਾਲਾ ਸਾਜਣਾ ਦੇ ਮੌਕੇ ਤੇ ਵਧਾਈ ਦਿੰਦਿਆਂ ਇਸ ਗਲ ਦਾ ਅਫਸੋਸ ਅਤੇ ਰੰਜਸ਼ ਹੈ ਹੈ ਕਿ ਅਜ ਦਾ ਸਿਖ ਨੌਜਵਾਨ ਆਪਣੇ ਵਿਰਸੇ, ਤਵਾਰੀਖ ਤੇ ਫਰਜ ਤੋਂ ਮੂੰਹ ਮੋੜ ਕੇ 'ਕੇਸਾਂ' ਦੀ ਸੰਭਾਲ ਨਹੀਂ ਕਰ ਰਿਹਾ। ਇਹ ਉਹਨਾਂ ਮਹਾਨ ਸ਼ਹੀਦਾਂ ਦੀ ਨਿਰਾਦਰੀ ਅਤੇ ਗੁਰੂ ਦੀ ਬਖਸ਼ਿਸ਼ ਤੋਂ ਮਹਿਰੂਮ ਹੋਣਾ ਹੈ।

ਇਸ ਅਫਸੋਸ ਨਾਕ ਹਾਲਤ ਤੇ ਫਿਰ 'ਹਾਅ ਦਾ ਨਾਅਰਾ' ਮਾਰਦਿਆਂ ਖਾਲਸਾ ਜੀ ਨੂੰ ਅਪੀਲ ਹੈ ਕਿ ਉਹ ਸਾਬਤ ਸੂਰਤ ਸਰੂਪ ਦੀ ਸੰਭਾਲ ਕਰਣ।

ਸਾਜਿੰਦਾ ਬੇਗਮ



www.AKJ.Org

# ਸ੍ਰੀ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ

(ਗਿਆਨੀ ਪ੍ਰਤਾਪ ਸਿੰਘ ਜੀ)

ਗੁਰਦਵਾਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਨਿਸ਼ਕਾਮ ਕੁਰਬਾਨੀ ਤੇ ਆਪਾ ਵਾਰਨ ਦੀ ਅਦੁਤੀ ਮਿਸਾਲ ਹੈ। ਇਸ ਨੇ ਸਾਰੀ ਸਿਖ ਕੌਮ ਨੂੰ ਇਕ ਹਲੂਣਾ ਦੇ ਦਿਤਾ।

**ਉਦਾਸੀਆਂ ਦਾ ਕਬਜ਼ਾ-**

ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਸੇਵਾ ਸਿਖ ਰਾਜ ਤੋਂ ਉਦਾਸੀ ਸਾਧੂ ਕਰਦੇ ਸਨ। ਉਦਾਸੀ ਸਿਖੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਉਦਾਸੀ ਸ਼ਬਦ ਪ੍ਰਚਲਤ ਹੋਇਆ। ਇਹ ਬਾਬਾ ਸ੍ਰੀ ਚੰਦ ਨੂੰ ਮੁਖੀ ਮੰਨਦੇ ਹਨ। ਬਾਬਾ ਜੀ ਤਿਆਗੀ ਤੇ ਬੀਰ ਰਾਗ ਪੁਰਸ਼ ਸਨ। ਉਨ੍ਹਾਂ ਨੇ ਛੇਵੀਂ ਪਾਤਸ਼ਾਹੀ ਦੇ ਵਕਤ ਆਪਣੇ ਗੁਸੇ ਗਿਲੇ ਮਿਟਾ ਕੇ ਟਿਕਾ ਗੁਰਦਿੱਤਾ ਜੀ ਨੂੰ ਆਪਣੀ ਸੇਲੀ ਟੋਪੀ ਦੇ ਦਿਤੀ। ਟਿੱਕਾ ਜੀ ਤੋਂ ਅਗੇ ਬਾਲੂ, ਹਸਨਾ, ਫੂਲ, ਗੋਂਦਾ ਅਤੇ ਅਲਮਸਤ ਮੁਖੀ ਉਦਾਸੀ ਹੋਏ। ਇਨ੍ਹਾਂ ਨੂੰ ਛੇਵੀਂ, ਸਤਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਦੀਆਂ ਕਈ ਬਖਸ਼ਸ਼ਾਂ ਹੋਈਆਂ। ਇਸ ਲਈ ਉਦਾਸੀਆਂ ਦੇ ਚਾਰ ਧੂੰਏ ਤੇ ਛੇ ਬਖਸ਼ਸ਼ਾਂ ਪ੍ਰਸਿਧ ਹਨ। ਉਦਾਸੀ ਸਿਖ ਧਰਮ ਦੇ ਪ੍ਰਚਾਰਕ, ਦਸ ਗੁਰੂ ਸਾਹਿਬਾਨ ਨੂੰ ਆਪਣਾ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਮੰਨਦੇ ਤੇ ਪੂਜਦੇ ਸਨ। ਮਹਾਤਮਾ ਸੰਤੋਖ ਦਾਸ, ਪ੍ਰੀਤਮ ਦਾਸ ਆਦਿਕਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਕੀਤੀ। ਉਦਾਸੀਆਂ ਨੇ ਦੇਸ ਦੇਸਾਂਤ੍ਰਾਂ ਵਿਚ ਸਿਖੀ ਦਾ ਪ੍ਰਚਾਰ ਕੀਤਾ। ਇਕ ਵੇਰ ਮਹਾਰਾਜਾ ਰਣਜੀਤ ਸਿੰਘ ਸ੍ਰੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਏ। ਉਨ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਬੇਦੀ ਵੀ ਸਨ। ਮਹਾਰਾਜੇ ਨੇ ਉਨ੍ਹਾਂ ਕੋਲੋਂ ਪੁਛਿਆ, "ਦਸੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਦੀ ਕੀ ਸੇਵਾ ਕੀਤੀ ਜਾਵੇ?"

ਬਾਬਾ ਜੀ- "ਗੁਰਦਵਾਰੇ ਦੀ ਸੇਵਾ ਤੇ ਲੰਗਰ ਲਈ ਜ਼ਮੀਨ ਲਾਣੀ ਚਾਹੀਦੀ ਹੈ।" ਮਹਾਰਾਜੇ ਨੇ ਕਿਹਾ, "ਜਿੰਨੀ ਥਾਂ ਵਿਚ ਆਪ ਘੋੜਾ ਫੇਰ ਦਿਓਗੇ, ਉਨੀ ਜ਼ਮੀਨ ਜਨਮ ਅਸਥਾਨ ਨਾਲ ਲਗਾ ਦਿਤੀ ਜਾਵੇਗੀ।" ਬਾਬਾ ਜੀ ਨੇ ਘੋੜਾ ਫੇਰਿਆ। ਮਹਾਰਾਜੇ ਨੇ ਉਤਨੀ ਜ਼ਮੀਨ ਗੁਰਦਵਾਰੇ ਦੇ ਨਾਂ ਲਾ ਦਿਤੀ। ਨਹਿਰ ਪੈਣ ਕਰਕੇ ਜ਼ਮੀਨ ਦੀ ਆਮਦਨੀ ਵਧ ਗਈ। ਆਮਦਨੀ ਵਧਣ, ਤੇ ਕੁਝ ਸਮੇਂ ਦੇ ਪ੍ਰਭਾਵ ਕਰ ਕੇ ਆਚਰਣ ਹੀਣ ਹੋ ਗੋ। ਉਨ੍ਹਾਂ ਨੇ ਪ੍ਰਮੇਸ਼ਰ ਤੇ ਗੁਰੂ ਤਾ ਡਰ ਲਾਹ ਦਿਤਾ।

**ਮਹੰਤਾਂ ਦੀ ਬਦਚਲਣੀ-**

ਨਨਕਾਣੇ ਸਾਹਿਬ ਦਾ ਮਹੰਤ ਸਾਧੂ ਰਾਮ ਬੜਾ ਸ਼ਰਾਬੀ ਕਬਾਬੀ ਸੀ। ਉਹ ਅਯਾਸ਼ੀ ਕਰ ਕੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਗਿਆ। ਸਾਧੂ ਰਾਮ ਦੀ ਮੌਤ ਪਿਛੋਂ ਕਿਸ਼ਨ ਦਾਸ ਮਹੰਤ ਬਣਿਆ। ਉਹ ਵੀ ਘਟ ਨਹੀਂ ਸੀ। ਉਸ ਨੇ ਇਕ ਵੇਸਵਾ ਨਾਲ ਸ਼ਾਦੀ ਕਰ ਲਈ, ਜਿਸ ਚੋਂ ਇਕ ਪੁਤਰ ਹੋਇਆ। ਉਸ ਨੇ ਆਪਣੇ ਭਤੀਜੇ ਦੀ ਸ਼ਾਦੀ ਸਮੇਂ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਵਾਇਆ। ਮਹੰਤ ਨੇ ਆਪ ਸ਼ਰਾਬ ਪੀਤੀ ਹੋਈ ਸੀ। ਇਹ ਵੀ ਭਿਆਨਕ ਰੋਗੀ ਸੀ। ਲਾਹੌਰ ਵਿਚ ਕਿਸ਼ਨ ਦਾਸ ਦੀ ਮੌਤ ਹੋ ਗਈ। ਉਸ ਦੀ ਥਾਂ ਨਰਾਇਣ ਦਾਸ ਮਹੰਤ ਬਣਿਆ। ਇਸ ਨੇ ਸੰਗਤ ਦੇ ਕਹਿਣ ਪਰ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਕਿ ਜੋ ਮਾੜੇ ਕੰਮ ਮਹੰਤ ਕਿਸ਼ਨ ਦਾਸ ਕਰਦਾ ਸੀ, ਉਹ ਨਹੀਂ ਕਰੇਗਾ। ਪਰ ਕੁਝ ਚਿਰ ਪਿਛੋਂ ਨਰਾਇਣ ਦਾਸ ਵੀ ਉਸੇ ਤਰ੍ਹਾਂ ਵਿਗੜ ਗਿਆ।

ਮਹੰਤ ਨਰਾਇਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਰੱਖੀ ਹੋਈ ਸੀ, ਜਿਸ ਤੋਂ ਦੋ ਪੁਤਰ ਤੇ ਦੋ ਧੀਆਂ ਸਨ। ਇਨ੍ਹਾਂ ਦੀ ਰਿਹਾਇਸ਼ ਲਈ ਮਹੰਤ ਨੇ ਵਖਰੇ ਮਕਾਨ ਬਣਾ ਕੇ ਦਿਤੇ ਹੋਏ ਸਨ। ਇਕ ਨਨਕਾਣੇ ਸਾਹਿਬ ਤੇ ਦੂਜਾ ਰਾਮਕਲੀ ਲਾਹੌਰ ਵਿਚ ਸੀ। ਅਗਸਤ ੧੯੧੭ ਵਿਚ ਜਦ ਮਹੰਤ ਨੇ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਾਇਆ ਸੀ, ਇਸ ਦੇ ਵਿਰੁਧ ਸਿਖ ਅਖ਼ਬਾਰਾਂ ਨੇ ਲਿਖਿਆ, ਸਿੰਘ ਸਭਾਵਾਂ ਨੇ, ਗੁਰਮਤੇ ਪਾਸ ਕੀਤੇ, ਜਿਨ੍ਹਾਂ ਵਿਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹੰਤ ਨੂੰ ਹਟਾ ਦੇਵੇ।


www.AKJ.Org

ਪਰ ਕੌਣ ਸੁਣਦਾ ਸੀ ? ੧੯੧੮ ਵਿਚ ਇਕ ਰੀਟਾਇਰਡ ਸਿੰਧੀ ਈ. ਏ. ਸੀ. ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਇਕ ਪੁਜਾਰੀ ਨੇ ਉਸ ਦੀ ੧੩ ਸਾਲ ਦੀ ਲੜਕੀ ਚੁਕ ਲਈ। ਪਰ ਮਹੰਤ ਨੇ ਉਸ ਪੁਜਾਰੀ ਦੇ ਵਿਰੁਧ ਕੋਈ ਕਾਰਵਾਈ ਨਾ ਕੀਤੀ। ਇਸੇ ਸਾਲ ਇਕ ਪੂਰਨਮਾਸ਼ੀ ਤੇ ਇਲਾਕਾ ਜੜ੍ਹਾਂ ਵਾਲੇ ਦੀਆਂ ੬ ਇਸਤ੍ਰੀਆਂ ਜਨਮ ਅਸਥਾਨ ਦੇ ਦਰਸ਼ਨ ਕਰਨ ਆਈਆਂ। ਪੁਜਾਰੀਆਂ ਨੇ ਉਨ੍ਹਾਂ ਨੂੰ ਲੁਕਾ ਲਿਆ ਤੇ ਉਨ੍ਹਾਂ ਨਾਲ ਮਾੜਾ ਕੰਮ ਕੀਤਾ।

## ਸੁਧਾਰ ਲਈ ਅੰਦੋਲਨ:

ਅਕਤੂਬਰ ੧੯੨੦ ਵਿਚ ਪਿੰਡ ਧਾਰੋਵਾਲੀ ਜ਼ਿਲਾ ਸ਼ੇਖੂਪੁਰਾ ਵਿਚ ਇਕ ਦੀਵਾਨ ਹੋਇਆ, ਜਿਸ ਵਿਚ ਨਨਕਾਣੇ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ।

ਮਹੰਤ ਨੇ ਆਪਣਾ ਸੁਧਾਰ ਕਰਨ ਦੀ ਥਾਂ ਉਪਦ੍ਰਵ ਕਰਨ ਦੀ ਤਿਆਰੀ ਕਰ ਲਈ। ਉਹ ਰੋਜ਼ ਆਪਣੇ ਪਿੰਡਾਂ ਚੋਂ ੪੦੦ ਆਦਮੀ ਰਾਖੀ ਲਈ ਸਦ ਲੈਂਦਾ ਸੀ। ਬਾਬਾ ਕਰਤਾਰ ਸਿੰਘ ਬੇਦੀ ਨਾਲ ਸਲਾਹ ਕਰ ਕੇ ਮਹੰਤ ਨਰਾਇਣ ਦਾਸ ਨੇ ਨਨਕਾਣੇ ਸਾਹਿਬ ਵਿਚ ਸਾਧਾਂ ਤੇ ਮਹੰਤਾਂ ਦੀ ਇਕ ਇਕੱਤ੍ਰਤਾ ਬੁਲਾਈ, ਜਿਸ ਵਿਚ ੬੦ ਆਦਮੀ ਸ਼ਾਮਲ ਹੋਏ। ਇਸ ਵਿਚ ਸੁਧਾਰਕਾਂ ਦਾ ਟਾਕਰਾ ਕਰਨ ਲਈ ਇਕ ਕਮੇਟੀ ਬਣਾਈ ਗਏ.। ਪ੍ਰਧਾਨ ਮਹੰਤ ਨਰਾਇਣ ਦਾਸ ਤੇ ਸਕਤ੍ਰ ਮਹੰਤ ਬਸੰਤ ਦਾਸ ਬਣਿਆ। ੬੦ ਹਜ਼ਾਰ ਰੁਪਿਆ ਇਕੱਤ੍ਰ ਕੀਤਾ ਗਿਆ ਤੇ ਲਾਹੌਰ ਤੋਂ ਸੰਤ ਸੇਵਕ ਅਖ਼ਬਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ।

## ਮਹੰਤ ਦੀ ਤਿਆਰੀ -

ਕਤਕ ਪੂਰਨਮਾਸ਼ੀ ਸੰਨ ੧੯੨੦ ਈ. ਦੇ ਮੇਲੇ ਤੇ ਮਹੰਤ ਨਰਾਇਣ ਦਾਸ ਨੇ ਆਪਣੇ ਚਾਰ ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਜਿਸ ਤੇ ਵੀ ਅਕਾਲੀ ਹੋਣ ਦਾ ਸ਼ਕ ਪਿਆ, ਉਸ ਨੂੰ ਜਨਮ ਅਸਥਾਨ ਜਾਣ ਤੋਂ ਰੋਕ ਦਿਤਾ। ਮਹੰਤ ਨੇ ਮਹਾਰਾਜਾ ਪਟਿਆਲਾ ਤੇ ਕਮਿਸ਼ਨਰ ਲਾਹੌਰ ਪਾਸੋਂ ਸਹਾਇਤਾ ਮੰਗੀ, ਪਰ ਉਨ੍ਹਾਂ ਨੇ ਉਸ ਨੂੰ ਕੋਈ ਭਰੋਸਾ ਨਾ ਦਿਵਾਇਆ। ੨੩ ਜਨਵਰੀ ਤੇ ੬ ਫ਼ਰਵਰੀ ੧੯੨੧ ਨੂੰ ਸ੍ਰੀ ਅਕਾਲ ਤਖ਼ਤ ਤੇ ਨਨਕਾਣੇ ਸਾਹਿਬ ਦੇ ਸੁਧਾਰ ਪੁਰ ਵਿਚਾਰ ਹੋਈ। ਉਸ ਵਕਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਸੁੰਦਰ ਸਿੰਘ ਰਾਮਗੜੀਆਂ ਤੇ ਮੀਤ ਪਰਧਾਨ ਸ: ਹਰਬੰਸ ਸਿੰਘ ਅਟਾਰੀ ਸਨ। ਕਮੇਟੀ ਵਲੋਂ ਮਹੰਤ ਦੇ ਨਾਂ ਇਕ ਖੁਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣੇ ਆਚਰਣ ਤੇ ਗੁਰਦਵਾਰੇ ਦੇ ਪ੍ਰਬੰਧ ਦਾ ਸੁਧਾਰ ਕਰੇ ਭਾਈ ਲਛਮਣ ਸਿੰਘ, ਸ: ਦਲੀਪ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝਬਰ ਤੇ ਸ: ਬਖਸ਼ੀਸ਼ ਸਿੰਘ ਦੀ ਇਥ ਕਮੇਟੀ ਬਣਾਈ ਗਈ, ਜੋ ਸ੍ਰੀ ਨਨਕਾਣੇ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਜ਼ਿਲਾ ਸ਼ੇਖੂਪੁਰਾ ਤੇ ਲਾਇਲਪੁਰ ਵਿਚ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਸ਼ਹੀਦ ਨੇ ਜੱਥਾ ਤਿਆਰ ਕਰਨਾ ਸ਼ੁਰੂ ਕਰ ਦਿਤਾ। ੧੭ ਫ਼ਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦਵਾਰੇ ਵਿਚ ਮੁਖੀ ਸਿੰਘਾਂ ਦੀ ਇਕੱਤ੍ਰਤਾ ਹੋਈ। ਉਸ ਵਿਚ ਜੱਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਜੀ, ਸ: ਤੇਜਾ ਸਿੰਘ ਸਮੁੰਦਰੀ, ਭਾਈ ਤਾਰਾ ਸਿੰਘ, ਭਾਈ ਕਰਤਾਰ ਸਿੰਘ ਝਬਰ, ਸ: ਤੇਜਾ ਸਿੰਘ ਚੂਹੜਕਾਣਾ, ਸ: ਸੁੱਚਾ ਸਿੰਘ ਜੈਚਕ, ਭਾਈ ਬੂਟਾਸਿੰਘ ਚੱਕ ੨੦੪, ਸ: ਰਾਜਾ ਸਿੰਘ ਜੜ੍ਹਾਂਵਾਲਾ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ।

ਮਹੰਤ ਨਰਾਇਣ ਦਾਸ ਨੇ ੭ ਫ਼ਰਵਰੀ ਨੂੰ ਇਕ ਇਕੱਤ੍ਰਤਾ ਬੁਲਾਈ, ਜਿਸ ਵਿਚ ਆਪਣੇ ਹਮਾਇਤੀ ਇਕੱਠੇ ਕੀਤੇ। ਇਨ੍ਹਾਂ ਵਿਚ ਭੱਟੀ ਮੁਸਲਮਾਨ ਵੀ ਸਨ। ਬਾਬਾ ਕਰਤਾਰ ਸਿੰਘ ਬੇਦੀ ਤੇ ਮੰਗਲ ਸਿੰਘ ਕੂਕਾ ਇਸ ਵਿਚ ਸ਼ਾਮਲ ਹੋਏ। ਮਹੰਤ ਨੇ ਬੇਦੀ ਕਰਤਾਰ ਸਿੰਘ ਨਾਲ ਗਲਬਾਤ ਕਰਨ ਲਈ ਸ਼ੇਖੂਪੁਰੇ ਵਿਚ ਪੁਜਣ ਲਈ ੧੪ ਫ਼ਰਵਰੀ ਤਾਰੀਖ਼ ਨੀਯਤ ਕੀਤੀ। ਪਰ ਉਹ ਆਪ ਨਾ ਪੁਜਾ, ਉਸ ਨੇ ਮਹੰਤ ਜੀਵਨ ਦਾਸ ਨੂੰ ਭੇਜ ਦਿਤਾ। ਸਿੰਘਾਂ ਨੇ ੧੯ ਫ਼ਰਵਰੀ ਨੂੰ ਸ੍ਰੀ ਨਨਕਾਣੇ ਸਾਹਿਬ ਪੁਜਣ ਦਾ ਫ਼ੈਸਲਾ ਕੀਤਾ ਸੀ। ਮਹੰਤ ਨੇ ਇਨ੍ਹਾਂ ਦਿਨਾਂ ਵਿਚ ਇਕ ਕਾਨਫ਼ਰੰਸ ਵੀ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਵਿਚ ਲਾਹੌਰ ਬੁਲਾਈ। ਉਹ


www.AKJ.Org

ਸਿੰਘਾਂ ਨੂੰ ਕਤਲ ਕਰਨ ਦੀ ਤਿਆਰੀ ਕਰਨ ਲਗ ਪਿਆ। ਉਸ ਨੇ ੧੪ ਪੀਪੇ ਮਿਟੀ ਦੇ ਤੇਲ ਦੇ ਤੇ ਪੰਜਾਹ ਮਣ ਲਕੜਾਂ ਜਨਮਾ ਅਸਥਾਨ ਵਿਚ ਰਖਵਾ ਦਿਤੀਆਂ।

'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਮੁਖੀਆਂ ਦੀ ਇਕ ਇਕੱਤ੍ਰਤਾ ਹੋਈ, ਜਿਸ ਵਿੱਚ ਹਾਲਾਤ ਤੇ ਵੀਚਾਰ ਕੀਤੀ ਗਈ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਮੌਸਮ ਦਿਨ ਨੀਯਤ ਕੀਤੇ ਬਿਨਾਂ ਕੋਈ ਜੱਥਾ ਨਨਕਾਣੇ ਸਾਹਿਬ ਨਾ ਜਾਵੇ।

ਭਾਈ ਕਰਤਾਰ ਸਿੰਘ ਝੱਬਰ ਤੇ ਸ: ਲਛਮਣ ਸਿੰਘ ਧਾਰੋਵਾਲੀ ਆਪੋ ਆਪਣੇ ਜੱਥੇ ਲੈ ਕੇ ਸ੍ਰੀ ਨਨਕਾਣੇ ਸਾਹਿਬ ਪੁਜਣਾ ਚਾਹੁੰਦੇ ਸਨ। ਭਾਈ ਕਰਤਾਰ ਸਿੰਘ ਨੂੰ ਰੋਕਣ ਲਈ ਇਕ ਆਦਮੀ ਖਰੇ ਸੌਦੇ ਗਿਆ। ਭਾਈ ਲਛਮਣ ਸਿੰਘ ਜੀ ੧੯ ਤਾਰੀਖ਼ ਦੀ ਸ਼ਾਮ ਨੂੰ ਜੱਥਾ ਲੈ ਕੇ ਪਿੰਡੋਂ ਚਲ ਪਏ। ਭਾਈ ਕਰਤਾਰ ਸਿੰਘ ਚੰਦਰ ਕੋਟ ਦੀ ਝਾਲ ਤੇ ਪੁਜੇ। ਦੋਵੇਂ ਜੱਥੇ ਆਪਸ ਵਿਚ ਮਿਲ ਨਹੀਂ ਸਕੇ। ਸਿੰਘ, ਭਾਈ ਲਛਮਣ ਸਿੰਘ ਨੂੰ ਰੋਕਣ ਲਈ ਗਏ। ਭਾਈ ਸਾਹਿਬ ਜੀ ਨਾਲ ਦੋ ਸੌ ਸਿੰਘ ਸਨ। ੬ ਵਜੇ ਸਵੇਰੇ ਉਹ ਸ੍ਰੀ ਨਨਕਾਣੇ ਸਾਹਿਬ ਪੁਜ ਗਏ। 'ਗੁਰਦਵਾਰਾ ਸੁਧਾਰ ਲਹਿਰ' ਵਿਚ ੧੫੦ ਦਾ ਜੱਥਾ ਲਿਖਿਆ ਹੈ। 'ਸ਼ਹੀਦੀ ਜੀਵਨ' ਤੋਂ ਸਿੱਧ ਹੁੰਦਾ ਹੈ ਕਿ ਸਾਰੇ ਸਿੰਘ ਚਾਰ ਜਥਿਆਂ ਦੀ ਸ਼ਕਲ ਵਿਚ ਸਨ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

ਸ਼ਹੀਦੀ ਸਾਕਾ :- ਮਹੰਤ ਨਾਰਾਇਣ ਦਾਸ ਨੇ ਕਤਲਾਮ ਦੀ ਤਿਆਰੀ ਕੀਤੀ ਹੋਈ ਸੀ। ਤੇਲ ਦੇ ਪੀਪੇ, ਲਕੜੀਆਂ, ਛਵ੍ਹੀਆਂ, ਗੰਡਾਸੇ ਤੇ ਕਾਰਤੂਸ ਮੰਗਾਏ ਹੋਏ ਸਨ। ਜਦ ਜੱਥਾ ਜਨਮ ਅਸਥਾਨ ਵਿਚ ਦਾਖ਼ਲ ਹੋਇਆ, ਕਾਤਲਾਂ ਨੇ ਸਿੰਘਾਂ ਪਰ ਵਾਰ ਸ਼ੁਰੂ ਕਰ ਦਿਤੇ। ਛੱਤ ਦੇ ਉਤੋਂ ਗੋਲੀਆਂ ਚਲਾਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲਧੇ, ਰਾਂਝੇ, ਸ਼ੇਰ ਦਾਸ ਆਦਿਕ ਕਾਤਲਾਂ ਨੇ ਸ਼ਾਂਤਮਈ ਸਿੰਘਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿਤਾ। ਛਵ੍ਹੀਆਂ ਤੇ ਗੰਡਾਸਿਆਂ ਨਾਲ ਸ਼ਹੀਦ ਕੀਤਾ। ਭਾਈ ਲਛਮਣ ਸਿੰਘ ਜੀ ਜੱਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਨ, ਉਨ੍ਹਾਂ ਨੂੰ ਵੀ ਸ਼ਹੀਦ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆਂ ਨੂੰ ਕਟਿਆ ਗਿਆ। ਸ਼ਹੀਦ ਸਿੰਘਾਂ ਨੂੰ ਅੰਦਰ ਤੇਲ ਪਾ ਕੇ ਫੂਕਿਆ ਗਿਆ।

ਸ: ਦਲੀਪ ਸਿੰਘ ਜੀ ਸ਼ਹੀਦ, ਸ: ਉਤਮ ਸਿੰਘ ਦੇ ਕਾਰਖ਼ਾਨੇ ਵਿਚ ਸਨ। ਉਨ੍ਹਾਂ ਨੇ ਜਨਮ ਅਸਥਾਨ ਵਿਚ ਗੋਲੀਆਂ ਚਲਣ ਦੀ ਅਵਾਜ਼ ਸੁਣੀ। ਉਹ ਗੁਰੂ-ਪਿਆਰ ਵਿਚ ਜਨਮ ਅਸਥਾਨ ਦੇ ਨੇੜੇ ਪੁਜੇ, ਪਾਪੀਆਂ ਨੇ ਛਵ੍ਹੀਆਂ ਮਾਰ ਕੇ ਉਨ੍ਹਾਂ ਨੂੰ ਗੁਰਦਵਾਰੇ ਦੇ ਬਾਹਰ ਆਵੀ ਦੇ ਪਾਸ ਸ਼ਹੀਦ ਕਰ ਦਿਤਾ। ੨੩੦੦ ਰੁਪਏ ਦੇ ਨੋਟ ਉਨ੍ਹਾਂ ਦੀ ਜੇਬ ਚੋਂ ਨਿਕਲੇ। ਇਸ ਤਰ੍ਹਾਂ ਸ਼ਹੀਦ ਸਿੰਘਾਂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਹੋ ਰਹੇ ਗੁਨਾਹਾਂ ਨੂੰ ਆਪਣੇ ਲਹੂ ਨਾਲ ਧੋਤਾ।

ਇਹ ਸਾਕਾ ਮਿਤੀ ੧੦ ਫੱਗਣ ਸੰਮਤ ੧੯੭੭ ਬਿਕ੍ਰਮੀ ਮੁਤਾਬਕ ੨੦ ਫ਼ਰਵਰੀ ੧੯੨੧ ਈਸਵੀ ਐਤਵਾਰ ਨੂੰ ਹੋਇਆ। ਸਰਦਾਰ ਉਤਮ ਸਿੰਘ ਜੀ ਕਾਰਖ਼ਾਨੇ ਵਾਲਿਆਂ ਨੇ ਇਸ ਸਾਕੇ ਸਬੰਧੀ ਪੰਥਕ ਜਥੇ ਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਦਿਤੀਆਂ। ੨੦ ਫ਼ਰਵਰੀ ਨੂੰ ਡਿਪਟੀ ਕਮਿਸ਼ਨਰ ਨਨਕਾਣੇ ਸਾਹਿਬ ਪੁਜ ਗਿਆ। ੨੧ ਤਰੀਕ ਨੂੰ ਸ: ਹਰਬੰਸ ਸਿੰਘ ਅਟਾਰੀ, ਪ੍ਰੋ: ਜੋਧ ਸਿੰਘ, ਸ: ਮਹਿਤਾਬ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਪੁਜੇ।

ਭਾਈ ਕਰਤਾਰ ਸਿੰਘ ਝੱਬਰ ਜਥੇ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜ ਗਏ ਸਨ। ਉਨ੍ਹਾਂ ਦਾ ਜਥਾ ਬਹੁਤ ਜੋਸ਼ ਵਿੱਚ ਸੀ। ਮਿ: ਕਿੰਗ ਕਮਿਸ਼ਨਰ ਲਾਹੌਰ ਨੂੰ ਕਿਹਾ ਗਿਆ ਕਿ ਸ੍ਰੀ ਨਨਕਾਣੇ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦੇਵੇ। ਉਸ ਨੇ ਚਾਬੀਆਂ ਸ: ਹਰਬੰਸ ਸਿੰਘ ਜੀ ਨੂੰ ਦੇ ਦਿਤੀਆਂ। ਸ੍ਰੀ ਨਨਕਾਣੇ ਸਾਹਿਬ ਦੇ ਪ੍ਰਬੰਧ ਪੰਥ ਦੇ ਹਥ ਵਿਚ ਆ ਗਿਆ। ੨੨ ਫ਼ਰਵਰੀ ਨੂੰ ਗਵਰਨਰ ਪੰਜਾਬ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣੇ ਸਾਹਿਬ ਪੁਜੇ। ਗਵਰਨਰ ਨੇ ਇਹ ਸ਼ਹੀਦੀ ਸਾਕਾ ਅੱਖਾਂ ਨਾਲ


www.AKJ.Org

ਵੇਖਿਆ। ਉਸ ਵਕਤ ਸੰਗਤ ਵਿਚ ਮਿ: ਕਿੰਗ ਕਮਿਸ਼ਨਰ ਵਿਰੁਧ ਬੜਾ ਰੋਸ ਸੀ। ਲੋਕੀ ਕਹਿੰਦੇ ਸਨ, "ਇਹ ਕਾਰਾ ਕਿੰਗ ਨੇ ਵਰਤਾਇਆ ਹੈ। ਪੁਲਸ ਨੂੰ ਸਾਜ਼ਸ਼ ਦਾ ਪਤਾ ਸੀ।" ਏਸੇ ਦਿਨ ਸ਼ਾਮ ਨੂੰ ਸ਼ਹੀਦਾ ਦਾ ਅੰਤਮ ਸਸਕਾਰ ਕੀਤਾ ਗਿਆ। ਇਕ ਗੁਰਮਤੇ ਰਾਹੀਂ ਬਾਬਾ ਕਰਤਾਰ ਸਿੰਘ ਬੇਦੀ ਨੂੰ ਛੇਕ ਦਿਤਾ ਗਿਆ। ਬਾਅਦ ਵਿਚ ਉਨ੍ਹਾ ਨੇ ਇਸ ਭੁਲ ਦੀਂ ਪੰਥ ਪਾਸੋਂ ਮਾਫ਼ੀ ਮੰਗੀ।

ਨਨਕਾਣੇ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਬਾਰੇ ਮਤ- ਭੇਦ ਹੈ। ਕਈ ਲੇਖਕਾਂ ਨੇ ਗਿਣਤੀ ੧੨੦, ੧੫੦ ਤੇ ੨੦੦ ਤਕ ਲਿਖੀ ਹੈ। ਸ: ਚਰਨ ਸਿੰਘ ਇਨਸਪੈਕਟਰ ਪੁਲਿਸ ਨੇ ਪੜਤਾਲ ਕਰ ਕੇ ੧੫੬ ਲਿਖੇ ਹਨ। ਸਰਕਾਰੀ ਰਪੋਟਾਂ ਵਿਚ ਗਿਣਤੀ ੧੨੬ ਤੇ ੧੩੦ ਹੈ। ਸ੍ਰੀ ਨਨਕਾਣੇ ਸਾਹਿਬ ਕਮੇਟੀ ਨੇ ਜੋ ਸ਼ਹੀਦੀ ਜੀਵਨ ਪ੍ਰਕਾਸ਼ਤ ਕੀਤਾ ਹੈ, ਉਸ ਵਿਚ ਦੋ ਸੌ ਸਿੰਘਾਂ ਦਾ ਜੱਥਾ ਮੰਨਿਆ ਗਿਆ ਹੈ, ਜਿਸ ਵਿਚੋਂ ੮੬ ਸਿੰਘ ਸ਼ਹੀਦ ਹੋਏ ਦਸੇ ਹਨ।

ਸਾਕੇ ਦਾ ਅਸਰ :- ਨਨਕਾਣੇ ਸਾਹਿਬ ਦੇ ਸਾਕੇ ਦੀ ਖ਼ਬਰ ਸਾਰੇ ਪੰਥ ਤੇ ਦੇਸ਼ ਵਿਚ ਦੁਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਲਈ ਚਲ ਪਏ। ਸਾਰੇ ਦੇਸ਼ ਚੋਂ ਸ਼੍ਰੋਮਣੀ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁਜੀਆਂ। ਇਸ ਖ਼ਬਰ ਨੇ ਸਿਖਾਂ ਵਿਚ ਜੋਸ਼ ਦੀ ਅਗਨਿ ਪ੍ਰਚੰਡ ਕਰ ਦਿਤੀ। ਸਾਰੇ ਕੌਮੀ ਅਖ਼ਬਾਰਾਂ ਨੇ ਇਸ ਸਾਕੇ ਸਬੰਧੀ ਬੜੇ ਦਰਦਨਾਕ ਲੇਖ ਲਿਖੇ ਪਰ ਅੰਗ੍ਰੇਜ਼ਾਂ ਦੇ ਹਾਮੀ ਐਂਗਲੋ ਇੰਡੀਅਨ ਅਖਬਾਰਾ ਨੇ ਸਿਖਾਂ ਦੇ ਵਿਰੁਧ ਪ੍ਰਾਪੇਗੰਡਾ ਕੀਤਾ ਤੇ ਨਨਕਾਣੇ ਸਾਹਿਬ ਦੀ ਸ਼ਹੀਦੀ ਨੂੰ ਇਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦਸਣ ਦਾ ਬਿਅਰਥ ਜਤਨ ਕੀਤਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਖ਼ਾਲਸਾ ਕਾਲਜ ਵਿਚ ਟੈਲੀਫ਼ੋਨ ਕੀਤਾ ਕਿ ਨਨਕਾਣੇ ਸਾਹਿਬ ਵਿਚ ਕੇਵਲ ੨੦ ਸਿੰਘ ਮਾਰੇ ਗਏ ਹਨ। ਪਹਿਲੇ ਸਰਕਾਰੀ ਐਲਾਨ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ ੬੭ ਦਸੀ ਗਈ ਤੇ ਇਕ ਹਫਤੇ ਪਿਛੋਂ ੧੩੦ ਬਿਆਨ ਕੀਤੀ ਗਈ।

ਪੁਲਸ ਦੀ ਪੜਤਾਲ : ਸਾਕੇ ਸਬੰਧੀ ਪੁਲੀਸ ਨੇ ਪੜਤਾਲ ਸ਼ੁਰੂ ਕੀਤੀ। ਉਸ ਵਿਚ ਸ਼੍ਰੋਮਣੀ ਕਮੇਟੀ ਨੇ ਹਰ ਪ੍ਰਕਾਰ ਪੁਲੀਸ ਦੀ ਇਮਦਾਦ ਕੀਤੀ। ਪਰ ਕਮੇਟੀ ਨੂੰ ਪੁਲਿਸ ਦੇ ਰਵੱਈਏ ਤੋਂ ਸਖ਼ਤ ਨਿਰਾਸਤਾ ਹੋਈ, ਜਿਸ ਕਰਕੇ ਉਸ ਨੇ ਪੜਤਾਲ ਵਿਚ ਹਿੱਸਾ ਲੈਣਾ ਬੰਦ ਕਰ ਦਿਤਾ। ਕਈ ਸਰਕਾਰ ਗਵਾਹਾਂ ਨੇ ਸਾਕੇ ਸਬੰਧੀ ਮੈਜਿਸਟ੍ਰੇਟ ਦੇ ਸਾਹਮਣੇ ਦਿਤੇ ਹੋਏ ਬਿਆਨ ਬਦਲ ਲਏ।

ਸ਼ਹੀਦੀ ਦਿਨ :- ਸ਼੍ਰੋਮਣੀ ਕਮੇਟੀ ਨੇ ੫ ਅਪ੍ਰੈਲ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਦਿਨ ਮਨਾਉਣ ਲਈ ਐਲਾਨ ਕੀਤਾ। ਸਾਰੇ ਪੰਥ ਨੇ ਇਹ ਦਿਨ ਬੜੇ ਜੋਸ਼ ਨਾਲ ਮਨਾਇਆ। ਮਈ ੧੯੨੧ ਵਿਚ ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਸਿਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ੧੫ ਨਵੰਬਰ ੧੯੨੧ ਅਰਥਾਤ ਕਤਕ ਪੂਰਨਮਾਸ਼ੀ ਦੇ ਗੁਰਪੁਰਬ ਤਕ ਸ਼ਹੀਦਾਂ ਦੀ ਯਾਦ ਵਿਚ ਕਾਲੇ ਦਸਤਾਰੇ ਸਜਾਉਣ। ਨਨਕਾਣੇ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਹੋਏਸਨ, ਜਿਹੜਾ ਸਿਖ ਦਰਸ਼ਨ ਕਰਨ ਜਾਂਦਾ ਸੀ, ਸੇਵਾਦਾਰ ਉਸ ਦੀ ਦਸਤਾਰ ਕਾਲੀ ਰੰਗ ਦੇਂਦੇ ਸਨ। ਉਸ ਦਿਨ ਤੋਂ ਕਾਲੀ ਦਸਤਾਰ ਅਕਾਲੀਆਂ ਦੀ ਪੁਸ਼ਾਕ ਦਾ ਅੰਗ ਬਣ ਗਈ। ਪਹਿਲਾਂ ਕਾਲ਼ਾ ਦਸਤਾਰਾ ਜਾਂ ਨੀਲਾ ਬਾਣਾ ਨਿਹੰਗ ਸਿੰਘ ਰਖਦੇ ਸਨ।

('ਅਕਾਲੀ ਲਹਿਰ ਦਾ ਇਤਿਹਾਸ' ਵਿਚੋਂ ਧੰਨਵਾਦ ਸਹਿਤ)

(ਪੰਨਾ ੨੩ ਦਾ ਬਾਕੀ)

ਜੇਕਰ ਪੰਜਾਬੀ ਵਿਚ ਹਿੰਦੀ ਸ਼ਬਦਾਂ ਦੀ ਭਰਮਾਰ ਕੀਤੀ ਜਾ ਰਹੀ ਹੈ ਤਾਂ ਫਿਰ ਅਸੀਂ ਹਰ ਵੇਲੇ ਰੱਖਿਆਵਾਦੀ ਕਿਉਂ ਬਣੇ ਰਹੀਏ। ਕਿਉਂ ਨਾ ਅਸੀਂ ਹਮਲਾਵਰ ਬਣੀਏ ਅਤੇ ਹਿੰਦੀ ਲਿਖਦਿਆਂ ਉਸ ਵਿਚ ਪੰਜਾਬੀ ਦੀ ਮਿਠਾਸ ਲਿਆਉਣ ਦਾ ਯਤਨ ਕਰੀਏ। ਅਨੇਕਾਂ ਪੰਥਕ ਸੰਸਥਾਵਾਂ ਨੇ ਆਪਣੇ ਹਿੰਦੀ ਦੇ ਸਾਹਿਤ ਵਿਚ ਪੰਜਾਬੀ ਦੇ ਮੂਲ ਸ਼ਬਦਾਂ ਨੂੰ ਜਿਉਂ ਦਾ ਤਿਉਂ ਰੱਖਣ ਦਾ ਫੈਸਲਾ ਕੀਤਾ ਹੈ। ਜਿਵੇਂ ਗੁਰਬਾਣੀ ਨੂੰ ਹਿੰਦੀ ਵਿਚ ਗੁਰੂਵਾਣੀ ਨਹੀਂ ਸਗੋਂ ਗੁਰਬਾਣੀ ਹੀ ਲਿਖਣਾ, ਅਰਜਨ ਨੂੰ ਅਰਜੁਨ ਨਹੀਂ ਸਗੋਂ ਅਰਜਨ ਹੀ ਲਿਖਣਾ ਆਦਿ ਸ਼ਾਮਲ ਹਨ।


www.AKJ.Org

# ਭਗਤ ਰਵਿਦਾਸ ਜੀ

(ਡਾ: ਕੁਲਦੀਪ ਕੌਰ)

ਕਰਮ ਕਾਂਡੀ ਬ੍ਰਾਹਮਣਵਾਦ ਵਿਰੁੱਧ ਉਠੀ ਭਗਤ ਲਹਿਰ ਨਾਲ ਸੰਬੰਧਿਤ ਸ਼੍ਰੋਮਣੀ ਭਗਤ ਕਵੀਆਂ ਵਿੱਚੋਂ ਇੱਕ ਪਵਿਤ੍ਰ ਆਤਮਾ ਕਵੀ ਭਗਤ ਰਵਿਦਾਸ ਜੀ ਸਨ। ਅਖੌਤੀ ਸ਼ੂਦਰ ਸ਼੍ਰੇਣੀ ਵਿਚੋਂ ਚੁਮਾਰ ਜਾਤੀ ਨਾਲ ਸੰਬੰਧਿਤ ਇਸ ਭਗਤ ਕਵੀ ਨੇ ਭ੍ਰਸ਼ਟ ਹੋ ਚੁਕੀਆਂ ਉਚ ਜਾਤੀਆਂ ਦੇ ਆਗੂ ਬ੍ਰਾਹਮਣਾਂ ਹਥੋਂ ਕਈ ਪ੍ਰਕਾਰ ਦੇ ਮਾਨਸਿਕ ਤਸੀਹੇ ਸਹਾਰੇ। ਵਿਦਿਆ ਪ੍ਰਾਪਤੀ ਅਤੇ ਧਰਮ ਸ਼ਾਸਤ੍ਰੀ ਗਿਆਨ ਹਾਸਲ ਕਰਨ ਦਾ ਅਧਿਕਾਰ ਕੇਵਲ ਉਚ ਜਾਤੀਆਂ ਵਾਲਿਆਂ ਨੂੰ ਹੀ ਹੁੰਦਾ ਸੀ। ਰਵਿਦਾਸ ਜੀ ਨੂੰ ਅਜਿਹਾ ਪਾਵਨ ਕਾਰਜ ਕਰਨ ਦੀ ਆਗਿਆ ਨਹੀਂ ਸੀ। ਪਰ ਤੀਖਣ ਬੁੱਧ ਅਤੇ ਰਾਮ ਰੰਗ ਰੰਗੇ ਭਗਤ ਰਵਿਦਾਸ ਜੀ ਨੇ ਸੰਤਾਂ ਸਾਧਾਂ ਦੀ ਸੰਗਤ ਮਾਣਦਿਆਂ ਹੋਇਆ ਸ਼ਾਸਤ੍ਰਾਰਥ ਨੂੰ ਕਾਫ਼ੀ ਹੱਦ ਤੱਕ ਸਮਝਿਆ। ਵਿਚਾਰਿਆ ਅਤੇ ਆਪਣੀ ਬੌਧਿਕ ਸੰਪਤੀ ਦਾ ਅੰਗ ਬਣਾਇਆ। ਇਸ ਤੱਥ ਦੇ ਪ੍ਰਮਾਣ ਆਪ ਦੀ ਬਾਣੀ ਵਿਚੋਂ ਕਾਫ਼ੀ ਮਿਲ ਜਾਂਦੇ ਹਨ। ਦਾਰਸ਼ਨਿਕ ਗਿਆਨ ਦੇ ਪੱਖ ਤੋਂ ਆਪ ਡੂੰਘੇ ਅਨੁਭਵ ਦੇ ਸਵਾਮੀ ਸਨ। ਨਿਮਨ ਲਿਖਤ ਸਤਰਾਂ ਆਪ ਦੀ ਦਾਰਸ਼ਨਿਕ ਸੂਝ ਨੂੰ ਦਰਸਾਉਂਦੀਆਂ ਹਨ :-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥ (੬੫੯)
ਸਤਿਜੁਗਿ ਸਤੁ ਤ੍ਰੇਤਾ ਜੁਗੀ ਦੁਆਪਰਿ ਪੂਜਾ ਚਾਰ॥
ਤੀਨੌ ਜੁਗ ਤੀਨੌ ਦਿੜੈ ਕਲਿ ਕੇਵਲ ਨਾਮ ਅਧਾਰੁ ॥ (੩੪੬)

ਰਵਿਦਾਸ ਜੀ ਨੇ ਆਪਣੀ ਨੀਵੀਂ ਜਾਤ ਦਾ ਵਰਨਣ ਹਿਰਦੇ ਦੀ ਚੋਭ ਤੋਂ ਉਪਜੇ ਤੀਖਣ ਅਨੁਭਵ ਤੋਂ ਕੀਤਾ ਹੈ। ਉਚ ਜਾਤੀ ਵਾਲੇ ਸਾਗਰ ਜਨਾਂ ਨੂੰ ਕਦੇ ਵੀ ਇਸ ਬਾਰੇ ਭੁਲੇਖਾ ਨਹੀਂ ਰਹਿਣ ਦਿੱਤਾ।

- ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ॥(੧੨੯੩)
- ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ॥

ਮੇਰਾ ਕਰਮ ਕੁਟਿਲਤਾ ਜਨਮ ਕੁਭਾਂਤੀ॥ (੩੪੫)

ਬ੍ਰਾਹਮਣਾਂ ਦੀ ਨਜ਼ਰ ਵਿੱਚ ਨੀਵੀਂ ਜਾਤ ਦਾ ਹੋਣ ਕਰਕੇ ਭਗਤ ਰਵਿਦਾਸ ਜੀ ਅੰਦਰ ਹੀਣਤਾ ਭਾਵ ਕਦੇ ਨਹੀਂ ਸੀ ਪੈਦਾ ਹੋਇਆ। ਹੀਣਤਾ ਭਾਵ ਕਿਸੇ ਵਿਅਕਤੀ ਅੰਦਰ ਗੁਣਾਂ ਦੀ ਘਾਟ ਦਾ ਸੂਚਕ ਹੁੰਦਾ ਹੈ। ਪ੍ਰਭੂ ਰੰਗ ਵਿਚ ਰੰਗੇ ਹੋਏ ਭੰਗਤ ਕਵੀ ਵਿਚ ਹੀਣਤਾ ਭਾਵਕਾਹਦਾ। ਬੇਗ਼ਮ ਪੁਰੇ ਦਾ ਵਾਸੀ ਹੋਣ ਕਰਕੇ ਆਮ ਲੋਕਾਂ ਨਾਲ ਤਾਂ ਉਹ ਕੋਈ ਸਾਂਝ ਹੀ ਨਹੀਂ ਸੀ ਰਖਦਾ ਸਗੋਂ ਕਹਿੰਦਾ ਹੈ :

ਕਹਿ ਰਵਿਦਾਸ ਖ਼ਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤ ਹਮਾਰਾ॥ (੩੪੫)

ਭਗਤ ਰਵਿਦਾਸ ਜੀ ਗ੍ਰਿਹਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਭਗਤੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਦਾ ਨਾਂ ਲੋਨਾ ਸੀ। ਉਨ੍ਹਾਂ ਇੱਕ ਪੁੱਤਰ ਵੀ ਸੀ। ਪਰ ਉਹ ਸਭ ਨਾਲ ਪਿਆਰ ਕਰਦੇ ਹੋਏ ਵੀ ਮੋਹ ਮਾਇਆ ਦੇ ਜਾਲ ਵਿੱਚ ਨਾ ਫਸੇ। ਪਰਿਵਾਰ ਦੀ ਸੰਭਾਲ ਲਈ ਆਪ ਕਿਰਤ ਕਰਦੇ ਸਨ। ਉਨ੍ਹਾਂ ਨੇ ਪਿਤਾ ਪੁਰਖੀ ਕਿੱਤਾ ਹੀ ਅਪਨਾਇਆ। ਜੁੱਤੀਆਂ ਗੰਢਣਾ ਅਤੇ ਢੋਰ ਢੋਣਾ ਉਨ੍ਹਾਂ ਦਾ ਨਿਤ ਕ੍ਰਮ ਸੀ। ਉਹ ਦੁਨਿਆਵੀ ਧੰਦੇ ਤਾਂ ਕਰਦੇ ਪਰ 'ਹੱਥ ਕਾਰ ਵੱਲ ਤੇ ਚਿਤ ਕਰਤਾਰ ਵੱਲ' ਰਹਿੰਦਾ। ਪਰਮਾਤਮਾ ਦਾ ਪ੍ਰੇਮ ਸਦਾ ਖਿੱਚ ਪਾਉਂਦਾ। ਸਤਿਸੰਗ ਅਤੇ ਨਾਮ ਸਿਮਰਨ ਦੁਆਰਾ ਪ੍ਰੇਮਦੀਆਂ ਸਿਖਰਾਂ ਤੇ ਪਹੁੰਚ ਕੇ ਪ੍ਰਭੂ ਦੇ ਦਰਸ਼ਨਾਂ ਦਾ ਅਨੁਭਵ ਉਨ੍ਹਾਂ ਨੂੰ ਮਿਥੀ ਮੰਜ਼ਿਲ ਵੱਲ ਅੱਗੇ ਹੀ ਅੱਗੇ ਲਈ ਜਾਂਦਾ ਸੀ। ਪ੍ਰਭੂ ਪ੍ਰੇਮ ਦੇ ਤੀਰਾਂ ਦਾ ਵਿਨ੍ਹਿਆਂ ਹੋਇਆ ਭਗਤ ਜਦੋਂ ਉਸ ਦੀ ਯਾਦ ਵਿਚ ਲੀਨ ਹੁੰਦਾ ਹੈ, ਉਸਦੀ ਨਿਕਟਤਾ, ਸਮੀਪਤਾ ਤੇ ਦਰਸ਼ਨ ਦਾ ਆਨੰਦ ਮਾਣਦਾ ਹੋਇਆ ਡੂੰਘੇ ਰਹੱਸ ਦਾ ਅਨੁਭਵ ਲੈਂਦਾ ਹੈ ਤਾਂ


www.AKJ.Org

ਇਸਦੇ ਸਹਜ ਭਾਵੀ ਪ੍ਰਗਟਾ ਸਮੇਂ ਪਰਮਾਤਮਾ, ਜੀਵ ਅਤੇ ਜਗਤ ਬਾਰੇ ਬਹੁਤ ਕੁੱਝ ਦਰਸਾ ਜਾਂਦਾ ਹੈ, ਇਸ ਤਰ੍ਹਾਂ ਉਸਦੀ ਰਚਨਾ ਦਾਰਸ਼ਨਿਕ ਸਰੂਪ ਧਾਰ ਲੈਂਦੀ ਹੈ। ਵਾਸਤਵ ਵਿਚ ਹਰ ਕਵੀ ਫ਼ਿਲਾਸਫ਼ਰ ਹੁੰਦਾ ਹੈ ਅਤੇ ਉਸਦੀ ਹਰ ਰਚਨਾ ਵੱਲਵਲੇ ਗੁੱਧੀ ਫਿਲਾਸਫੀ ਦਾ ਪ੍ਰਗਟਾ ਹੀ ਹੋਇਆ ਕਰਦੀ ਹੈ। ਪਰਮਾਤਮਾ ਨਾਲ ਅਭੇਦਤਾ ਦਾ ਅਨੁਭਵ ਹੋਵੇ ਤਾਂ ਪ੍ਰੇਮੀ ਤੇ ਪ੍ਰੀਤਮ ਵਿਚ ਅੰਤਰ ਨਹੀਂ ਰਹਿ ਜਾਂਦਾ। ਸੰਸਾਰ ਹਰੀ ਦਾ ਮੰਦਰ ਹੈ, ਸੱਚੇ ਦੀ ਕੋਠੜੀ ਹੈ। ਇਹ ਸਰੀਰ ਵੀ ਤਾਂ ਹਰੀ ਦਾ ਮੰਦਰ ਹੀ ਹੈ। ਇਸਦੇ ਅੰਦਰ ਵੀ ਉਹ ਹੈ ਅਤੇ ਬਾਹਰ ਵੀ ਉਹੀ ਹੈ। ਇਸ ਲਈ ਉਹ ਜੀਵ ਤੋਂ ਕਿਸੇ ਤਰ੍ਹਾਂ ਵੀ ਵੱਖਰਾ ਨਹੀਂ। ਜਲ ਵਿਚੋਂ ਉਠੀ ਲਹਿਰ ਉਸਤੋਂ ਭਿੰਨ ਨਹੀਂ ਹੁੰਦੀ। ਸੋਨੇ ਤੋਂ ਬਣਿਆ ਗਹਿਣਾ ਸੋਨਾ ਹੀ ਤਾਂ ਹੁੰਦਾ ਹੈ। ਪ੍ਰਭੂ ਨਾਲ ਜੁੜੇ ਜੀਵ ਉਸੇ ਦਾ ਰੂਪ ਹੀ ਤਾਂ ਹੁੰਦੇ ਹਨ। ਰਵਿਦਾਸ ਜੀ ਨੇ ਸਪਸ਼ਟ ਲਿਖ਼ਿਆ ਹੈ ।

ਤੋਹੀ ਮੋਹੀ ਅੰਤਰ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ (੯੩)

ਪ੍ਰੇਮਾ ਭਗਤੀ ਨਾਲ ਪ੍ਰਾਪਤ ਹੋਈ ਨੇੜਤਾ ਜਦੋਂ ਅਭੇਦਤਾ ਵਿਚ ਬਦਲ ਜਾਂਦੀ ਹੈ ਤਾਂ ਸੇਵਕ ਪ੍ਰੇਮੀ ਪ੍ਰਭੂ ਨਾਲ ਵੀ ਗਿਲੇ, ਸ਼ਿਕਵੇ, ਨਿਹੋਰੇ ਤੇ ਦਾਅਵੇ ਨਾਲ ਗੱਲ ਕਰਦਾ ਹੈ। 'ਨਿਰਮਲ ਭਉ' ਪੂਰਨ ਤੌਰ ਤੇ ਭਾਉ ਵਿਚ ਬਦਲ ਜਾਂਦਾ ਹੈ। 'ਭਾਉ' ਵਾਲੇ ਚਾਉ ਵਿਚ ਆ ਕੇ ਲਾਡ ਲਡਾਉਂਦੇ ਅਤੇ ਚਿਤ ਆਵੇ ਕਹਿ ਦੇਂਦੇ ਹਨ :

ਜਉ ਪੈ ਹਮ ਨ ਪਾਪ ਕਰੰਤਾ॥ ਪਤਿਤ ਪਾਵਨ ਨਾਮ ਕੈਸੇ ਹੁੰਤਾ॥

ਬਿਪਰਵਾਦੀ ਕਰਮ ਕਾਂਡਾਂ ਨਾਲ ਭਗਤ ਜੀ ਦੀ ਕੋਈ ਸਾਂਝ ਨਹੀਂ ਸੀ ਨਾ ਹੀ ਉਹ ਪੂਜਾ ਦੇ ਪ੍ਰਚਲਿਤ ਸਾਧਨਾਂ ਦੀ ਵਰਤੋਂ ਕਰਨੀ ਉਚਿਤ ਸਮਝਦਾ ਸੀ। ਉਸਨੂੰ ਕੋਈ ਵਸਤੂ ਵੀ ਪਿਆਰੇ ਦੀ ਭੇਟ ਚੜ੍ਹਾਉਣ ਲਈ ਉਚਿਤ ਨਹੀਂ ਸੀ ਦਿਸਦੀ। ਸਭ ਵਸਤਾਂ ਜੂਠੀਆਂ ਹਨ। ਦੁੱਧ ਵਛੇ ਦਾ ਝੂਠਾ ਹੈ। ਫੁੱਲ ਭੌਰੇ ਨੇ ਸੁੰਘ ਕੇ ਜੂਠਾ ਕਰ ਦਿੱਤਾ ਹੈ। ਪਾਣੀ ਨੂੰ ਮੱਛੀ ਗੰਦਾ ਕਰ ਦੇਂਦੀ ਹੈ। ਭੇਟ ਚੜ੍ਹਾਉਣ ਲਈ ਭਗਤ ਜੀ ਕੋਲ ਕੇਵਲ ਆਪਣਾ ਤਨ ਮਨ ਹੀ ਰਹਿ ਜਾਂਦਾ ਹੈ-

ਤਨ ਮਨ ਅਰਪਉ ਪੂਜ ਚਰਾਵਉ॥ ਗੁਰ ਪ੍ਰਸਾਦਿ ਨਿਰੰਜਨ ਪਾਵਉ॥

ਪੂਜਾ ਅਰਚਾ ਆਹਿ ਨ ਤੋਰੀ॥ ਕਹ ਰਵਿਦਾਸ ਕਵਨ ਗਤਿ ਮੋਰੀ॥ (੫੨੫)

ਮਨੁੱਖ ਮਿੱਟੀ ਦਾ ਪੁਤਲਾ ਹੈ ਪਰ ਹਉਮੈ ਗ੍ਰਸਤ ਹੋ ਕੇ ਆਕੜਿਆ ਫਿਰਦਾ ਹੈ-

ਮਾਟੀ ਕੋ ਪੁਤਰਾ ਕੈਸੇ ਨਚਤ ਹੈ। ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ। ਰਹਾਉ॥

ਜਬ ਕਛੁ ਪਾਵੈ ਤਬ ਗਰਬ ਕਰਤੁ ਹੈ॥ ਮਾਇਆ ਗਈ ਤਬ ਰੋਵਨ ਲਗਤੁ ਹੈ।੧॥ (੪੮੭)

ਉਹ ਭੁੱਲ ਜਾਂਦਾ ਹੈ ਕਿ ਮਨੁੱਖਾ ਜਨਮ ਦੁਰਲੱਭ ਹੈ। ਕਿਸੇ ਪੂਰਬਲੇ ਜਨਮ ਦੇ ਪੁੰਨ ਕਰਕੇ ਪ੍ਰਾਪਤ ਹੋਇਆ ਹੈ, ਪਰ ਮਿੱਟੀ ਦਾ ਪੁਤਲਾ ਵਿਵੇਕ ਹੀਨ ਹੋ ਕੇ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ।

ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥

..............................................

ਨ ਬੀਚਾਰਿਓ ਰਾਜਾ ਰਾਮ ਕੋ ਰਸ ਜਿਹ ਰਸ ਅਨਰਸ ਬੀਸਰਿ ਜਾਹੀ॥ (੬੫੮)

ਆਨ ਰਸਾਂ ਖਿਚ ਲੁਭਾਇਮਾਨ ਹੋ ਕੇ ਜੀਵ ਪੰਜ ਅਸਾਧ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਭਗਤ ਜ਼ੀ ਦੱਸਦੇ ਹਨ ਕਿ ਹਿਰਨ, ਮੱਛੀ, ਭੌਰਾ, ਭੰਬਰ, ਹਾਥੀ ਆਦਿ ਇੱਕ ਇੱਕ ਵਿਕਾਰਾ ਦੇ ਬੱਧੇ ਆਪਾ ਨਾਸ਼ ਕਰ ਬੈਠਦੇ ਹਨ ਤਾਂ ਮਨੁੱਖ ਨਾਸ਼ ਹੋਣੋਂ ਕਿਵੇਂ ਬਚ ਸਕਦਾ ਹੈ।

ਮ੍ਰਿਗ, ਮੀਨ ਪਤੰਗ, ਕੁੰਚਰ ਏਕ ਦੋਖ ਬਿਨਾਸ਼॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ। (੪੮੪)

ਹਉਮੈ ਰਹਿਤ, ਨਿਮਰਤਾ ਦੇ ਪੁੰਜ ਭਗਤ ਜੀ ਪ੍ਰੇਮ ਦੀ ਬੇੜੀ ਵਿਚ ਸਵਾਰ ਹੋ ਕੇ ਭਵਜਲ ਦੀਆਂ

(ਬਾਕੀ ਪੰਨਾ ੨੭ ਤੇ .....)



www.AKJ.Org

# ਹਿੰਦੀ ਵਿਚ ਨਾਂ ਨਾਲ ਸਿੰਘ ਹੀ ਲਿਖੀਏ, ਸਿੰਹ ਨਹੀਂ

(ਸਰਬਜੀਤ ਸਿੰਘ ਲੁਧਿਆਣਾ)

ਸ਼ਾਮ ਸੁੰਦਰ ਨਾਮ ਦੇ ਵਿਅਕਤੀ ਦਾ ਅੰਗ੍ਰੇਜੀ ਵਿਚ ਕੀ ਨਾਮ ਹੋਵੇਗਾ ?

ਅਸੀਂ ਕਦੀ ਨਹੀਂ ਕਹਿੰਦੇ ਕਿ ਅੰਗ੍ਰੇਜ਼ੀ ਵਿਚ ਸ਼ਾਮ ਨੂੰ ਈਵਨਿੰਗ ਕਿਹਾ ਜਾਂਦਾ ਹੈ ਅਤੇ ਸੁੰਦਰ ਨੂੰ ਬਿਊਟੀਫੁਲ, ਇਸ ਲਈ ਸ਼ਾਮ ਸੁੰਦਰ ਦਾ ਅੰਗ੍ਰੇਜ਼ੀ ਨਾਮ ਈਵਨਿੰਗ ਬਿਊਟੀਫੁਲ ਹੋਵੇਗਾ। ਇਹ ਸਭ ਨੂੰ ਪਤਾ ਹੈ ਕਿ ਅੰਗ੍ਰੇਜ਼ੀ ਵਿਚ ਵੀ ਇਸ ਇਨਸਾਨ ਦਾ ਨਾਮ ਸ਼ਾਮ ਸੁੰਦਰ ਹੀ ਰਹੇਗਾ।

ਜੇਕਰ ਪੰਜਾਬੀ ਵਿਚ ਨਾਮ ਦੇ ਨਾਲ ਸਿੰਘ ਲੱਗਦਾ ਹੈ ਤਾਂ ਅੰਗ੍ਰੇਜ਼ੀ ਵਿਚ ਲਾਇਨ (ਸ਼ੇਰ) ਨਹੀਂ ਸਗੋ ਸਿੰਘ ਹੀ ਰਹੇਗਾ। ਇਸੇ ਤਰ੍ਹਾਂ ਸੰਸਾਰ ਦੀ ਹੋਰ ਕਿਸੇ ਵੀ ਭਾਸ਼ਾ ਵਿਚ ਸਿੰਘ ਨੂੰ ਸਿੰਘ ਹੀ ਕਿਹਾ ਜਾਵੇਗਾ ਨਾ ਕਿ ਉਸ ਭਾਸ਼ਾ ਵਿਚ ਸਿੰਘ ਦੇ ਸ਼ਾਬਦਿਕ ਅਰਥ ਅਨੁਸਾਰ ਨਾਮ ਪੜ੍ਹਿਆ ਜਾਵੇਗਾ। ਇਸੇ ਤਰ੍ਹਾਂ ਹਿੰਦੀ ਵਿਚ ਵੀ ਨਾਵਾਂ ਦੇ ਨਾਲ ਸਿੰਘ ਹੀ ਲਿਖਣਾ ਬਣਦਾ ਹੈ। ਬਦ-ਕਿਸਮਤੀ ਜਾਂ ਕੁਦਰਤੀ ਹੀ ਹਿੰਦੀ ਵਿਚ ਸ਼ੇਰ ਲਈ ਸਿੰਹ ਲਿਖਿਆ ਜਾਂਦਾ ਹੈ ਤਾਂ ਕੁਝ ਵਿਦਵਾਨਾਂ ਨੇ ਸਿੰਘ ਦੀ ਥਾਂ ਤੇ ਸਿੰਹ ਲਿਖਣਾ ਸ਼ੁਰੂ ਕਰ ਦਿੱਤਾ। ਸਿੰਘ ਅਤੇ ਸਿੰਹ ਦੀ ਬਣਤਰ ਅਤੇ ਆਵਾਜ਼ ਰਲਦੀ ਮਿਲਦੀ ਹੋਣ ਕਰਕੇ ਸੁੱਤੇ ਸਿੱਧ ਹਿੰਦੀ ਵਿਚ ਸਿੰਘ ਦੀ ਥਾਂ ਤੇ ਸਿੰਹ ਪ੍ਰਚੱਲਤ ਹੋ ਗਿਆ।

ਪਰ ਜਦੋਂ ਪੰਥ ਜਾਗਿਆ ਅਤੇ ਹਿੰਦੀ ਵਿਚ ਪੰਥਕ ਸੰਸਥਾਵਾਂ ਵਲੋਂ ਪ੍ਰਚਾਰ ਦੇ ਕਾਰਜ ਨੂੰ ਛੋਹਿਆ ਗਿਆ ਤਾਂ ਇਕ ਦੋ ਨਹੀਂ ਸਗੋਂ ਸਾਰੀਆਂ ਪੰਥਕ ਸੰਸਥਾਵਾਂ ਨੇ ਇਕ ਮਤ ਹੋ ਕੇ ਹਿੰਦੀ ਵਿਚ ਸਿੰਘ ਲਿਖਣ ਨੂੰ ਹੀ ਪ੍ਰਵਾਨਗੀ ਦਿੱਤੀ। ਹੁਣ ਤਾਂ ਸੁਝਵਾਨ ਲੋਕ ਸਿੰਘ, ਸਿੰਹ ਅਤੇ ਸਿੰਹੁ ਸ਼ਬਦਾਂ ਦੀ ਵਰਤੋਂ ਇਉਂ ਕਰਦੇ ਹਨ :

ਸਿੰਘ, ਸਾਬਤ ਸੂਰਤ ਗੁਰਸਿੱਖਾਂ ਲਈ

ਸਿੰਹੁ ਸਾਬਤ ਸੂਰਤ ਜਾਂ ਪਤਿਤ ਕਾਮਰੇਡਾਂ ਤੇ ਨਾਸਤਿਕਾ ਲਈ ਸਿੰਹੁ, ਗੈਰਸਿੱਖਾਂ ਲਈ

ਇੰਝ ਨਾਮ ਦੇ ਨਾਲ ਸਿੰਘ, ਸਿੰਹ ਜਾਂ ਸਿੰਹੁ ਲੱਗੇ ਹੋਣ ਤੇ ਹੀ ਉਸ ਮਨੁੱਖ ਦੀ ਵਿਚਾਰਧਾਰਾ ਪਤਾ ਲੱਗ ਜਾਂਦੀ ਹੈ।

ਪਿਛਲੇ ਦਿਨੀਂ ਨਾਮਵਰ ਹਿੰਦੀ ਲੇਖਕ ਡਾ: ਮਹੀਪ ਸਿੰਘ ਨੇ ਸਿੰਘ ਦੀ ਥਾਂ ਸਿੰਹ ਲਿਖਣ ਦੀ ਬੇ ਲੋੜੀ ਚਰਚਾ ਨੂੰ ਇਕ ਲੇਖ ਰਾਹੀਂ ਫਿਰ ਛੇੜ ਲਿਆ। ਸਾਰਾ ਲੇਖ ਦੋ-ਤਿੰਨ ਵਾਰ ਪੜ੍ਹਣ ਉਪਰੰਤ ਵੀ ਸੁਝਵਾਨ ਪਾਠਕਾਂ ਨੂੰ ਹਿੰਦੀ ਵਿਚ ਸਿੰਘ ਨੂੰ ਸਿੰਹੁ ਲਿਖਣ ਦੀ ਕੋਈ ਠੋਸ ਦਲੀਲ ਨਹੀਂ ਮਿਲਦੀ। ਭਾਵੇਂ ਲੇਖਕ ਨੇ ਬੜੇ ਹੀ ਇਤਿਹਾਸਕ ਅਤੇ ਵਿਦਵਤਾ ਭਰਪੂਰ ਹਵਾਲੇ ਦਿੱਤੇ ਹਨ ਪਰ ਇਨ੍ਹਾਂ ਨਾਲ ਕਿਤੇ ਵੀ ਸਿੰਹ ਲਿਖਣਾ ਯੋਗ ਸਾਬਤ ਨਹੀਂ ਹੁੰਦਾ। ਲੇਖਕ ਆਪ ਹੀ ਲਿਖਦਾ ਹੈ ' ਸਿੰਹ ਅਤੇ ਸਿੰਘ ਦਾ ਮੂਲ ਇਕੋ ਹੈ ਅਤੇ ਅਰਥ ਵੀ ਇਕੋ ਹਨ। ਸਿੰਹ ਸੰਸਕ੍ਰਿਤ ਰੂਪ ਹੈ ਅਤੇ ਸਿੰਘ ਪ੍ਰਾਕ੍ਰਿਤ ਰੂਪ ਹੈ' ਕਿਉਂਕਿ ਇਨ੍ਹਾਂ ਦੋਹਾਂ ਅੱਖਰਾਂ ਦਾ ਰੂਪ ਮਿਲਦਾ ਜੁਲਦਾ ਹੈ ਇਸੇ ਲਈ ਹੀ ਭੁਲੇਖਾ ਪੈਂਦਾ ਹੈ। ਜੇਕਰ ਹਿੰਦੀ ਵਿਚ ਸਿੰਹ ਦਾ ਮਤਲਬ ਸ਼ੇਰ ਨਾ ਹੁੰਦਾ ਅਤੇ ਇਸ ਦੀ ਥਾਂ ਕੋਈ ਹੋਰ ਅੱਖਰ ਹੁੰਦਾ ਤਾਂ ਕੀ ਅਸੀਂ ਹਿੰਦੀ ਵਿਚ ਸਿੰਘ ਦੀ ਥਾਂ ਹੋਰ ਅੱਖਰ ਲਿਖਣਾ ਸੀ। ਯਕੀਨਨ ਨਹੀਂ।

ਇਕ ਹੋਰ ਗੱਲ ਅੱਜਕੱਲ੍ਹ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਲੇਖਕਾਂ ਅਤੇ ਵਿਦਵਾਨਾਂ ਦਾ ਰੁਝਾਨ ਬਣਦਾ ਜਾ ਰਿਹਾ ਹੈ ਕਿ ਉਹ ਪੰਜਾਬੀ ਲਿਖਦਿਆਂ ਵੱਧ ਤੋਂ ਵੱਧ ਹਿੰਦੀ ਜਾਂ ਸੰਸਕ੍ਰਿਤ ਦੇ ਸ਼ਬਦ ਵਰਤਣ ਲੱਗ ਪਏ ਹਨ। ਜਿਵੇਂ : ਸਿੱਟਾ, ਦੀ ਥਾਵੇਂ ਨਿਸ਼ਕਰਸ਼, ਸਾਲਾਨਾ ਦੀ ਥਾਵੇਂ ਵਾਰਸ਼ਿਕ ਆਦਿ ਅਨੇਕਾਂ ਉਦਾਹਰਣਾ ਦਿੱਤੀਆਂ ਜਾ ਸਕਦੀਆਂ ਹਨ। ਇਹ ਸਰਬ ਪ੍ਰਵਾਨਤ ਹੈ ਕਿ ਸਮੇਂ ਦੀ ਸਰਕਾਰ ਦੀ ਭਾਸ਼ਾ ਹੋਰਨਾਂ ਭਾਸ਼ਾਵਾਂ ਨੂੰ ਪ੍ਰਭਾਵਿਤ ਕਰਦੀ ਹੈ। ਜੇਕਰ ਆਮ ਲੋਕਾਂ ਨੇ ਪੰਜਾਬੀ ਦੀ ਥਾਂ ਹਿੰਦੀ ਬੋਲਣੀ ਸ਼ੁਰੂ ਕਰ ਦਿੱਤੀ ਹੈ ਤਾਂ ਵਿਦਵਾਨਾਂ ਨੇ ਪੰਜਾਬੀ ਲਿਖਦਿਆਂ ਲਿਖਦਿਆਂ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਅੰਨ੍ਹੇ ਵਾਹ ਵਧਾ ਦਿੱਤੀ ਹੈ। ਐਸੇ ਵਿਦਵਾਨਾਂ ਦੀ ਲਿਖਤਾਂ ਆਮ ਲੋਕਾਂ ਵਿਚ ਪ੍ਰਵਾਨਤ ਨਹੀਂ ਹੋ ਪਾਉਂਦੀਆਂ। (ਬਾਕੀ ਪੰਨਾ ੨੦ ਤੇ ..)



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥ ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥੮੭॥
Slok No. 87 : O' Kabir ! I found my objective of search. Object of my seeking was found within, that I had considered something external. One merges into the identity of the sought after Lord after union.87

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥
Slok No.88: O' Kabir ! One is destroyed in evil company like the banana tree near the thorny tree jujube (ben.) The company of atheists involves delving in evil doings like the movement of Banana leaves getting torn with throns of the Ben tree. Evil company must be avoided.-88

ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥ ਅਪਨੇਂ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੮੯॥
Slok No. 89: O' Kabir ! Mortal delves in evil doing without a fear of its accountability. Further he takes up the burden of evil through slander of others and yet journey to the here-after is like difficult mountain climbing, making it further difficult with all the load of evil doing and slander.-89

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥ ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥੯੦॥
Slok No.90: O' Kabir ! The burnt out wood in jungle gives out warning that do not get involved with the evil (Lohar) for once indulging in evil doing leads mere repetition of the same. The esoape is only through refuge in the Guru and leading a life of godliness through his wisdom, Gurmat-90

ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥
Slok No. 91: O' Kabir! Godly devotion rids one of one's ego and with that is destroyed self of caste. One is further rid of self-attachment and endless desires. With purified life one has no appetite for evil company or slander. Thus it makes a total riddance from six evils of ego,self-pride, self-attachment, desire, evil company and slander.-91

ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ॥ ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ॥੯੨॥
Slok No. 92: O' Kabir! I have searched all over of the world but did not find peace of mind anywhere. Those who have not comtemplated on Nam-Divine for obtaining peace, they search else where in vain.-92

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥ ਸਾਕਤੁ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥
Slok No.93: O' Kabir! Seek holy company that endures through out. Never be in the company of the evil that brings self-ruination.-93

ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ॥ ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ॥੯੪॥
Slok No. 94: O' Kabir! I have been blessed with knowledge-Divine and thus contemplated on the Lord's Nam. Those, who not devoted to Nam-Divine, have been born in vain.-94

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥ ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥੯੫॥
Slok No.95: O' Kabir! Seek refuge of the Lord for all else is hopeless. Those mortals who forsake God-remamberance go to hell.-95

(To be Continued)



www.AKJ.Org

# ਭਗਤ ਰਵਿਦਾਸ ਜੀ — ਸਮਾਜਕ-ਰਾਜਨੀਤਕ ਵਿਚਾਰਧਾਰਾ

(ਡਾ. ਗੁਰਸ਼ਰਨ ਜੀਤ ਸਿੰਘ)

ਇਹ ਗੱਲ ਠੀਕ ਹੈ ਕਿ ਭਗਤ ਰਵਿਦਾਸ ਜੀ ਮੁੱਖ ਰੂਪ ਵਿਚ ਅਧਿਆਤਮਕ ਪੁਰਸ਼ ਸਨ। ਫਿਰ ਵੀ, ਉਨ੍ਹਾਂ ਦੀ ਸਮੁੱਚੀ ਬਾਣੀ ਦਾ ਅਧਿਐਨ ਕੀਤਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਮਾਜਕ ਮੁਕਤੀ ਉਨ੍ਹਾਂ ਦਾ ਇਕ ਮੁੱਖ ਨਿਸ਼ਾਨਾ ਸੀ। ਇਸੇ ਕਾਰਣ ਭਗਤ ਰਵਿਦਾਸ ਜੀ ਲਤਾੜੇ ਅਤੇ ਦੀਨ-ਦੁਖੀ ਲੋਕਾਂ ਦੇ ਮਸੀਹਾ ਬਣ ਗਏ। ਆਪ ਜੀ ਦੀ ਬਾਣੀ ਵਿਚੋਂ ਕਰਾਂਤੀ ਅਤੇ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ। ਇਸੇ ਲਈ ਆਪ ਜੀ ਦੀ ਬਾਣੀ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਤਿਕਾਰ ਦਿੱਤਾ ਹੈ। ਸਿੱਖ ਲਹਿਰ ਵੀ ਆਪਣੇ ਖਾਸੇ ਵਿਚ ਪਛੜੇ ਤੇ ਸੋਸ਼ਿਤ ਲੋਕਾਂ ਦੀ ਆਜ਼ਾਦੀ ਚਾਹੁਣ ਵਾਲੀ ਲਹਿਰ ਹੈ। ਭਗਤ ਰਵਿਦਾਸ ਜੀ ਨੇ ਤੇ ਹੋਰ ਭਗਤਾਂ ਨੇ ਜਿਹੜੀ ਲਹਿਰ ਚਲਾਈ, ਸਿੱਖ ਗੁਰੂ ਸਾਹਿਬਾਨ ਨੇ ਉਸ ਲਹਿਰ ਨੂੰ ਵਧੇਰੇ ਵਿਗਿਆਨਕ ਅਤੇ ਸੁਚਾਰੂ ਰੂਪ ਵਿਚ ਨਿਰੰਤਰਤਾ ਦਿੱਤੀ। ਇਹੀ ਕਾਰਣ ਸੀ ਕਿ ਨੀਵੀਆਂ ਸ਼੍ਰੇਣੀਆਂ ਦੇ ਕਿਰਤੀ ਲੋਕ, ਇਕ ਆਸ਼ਾ ਲੈ ਕੇ ਬੜੀ ਤੇਜ਼ੀ ਨਾਲ ਸਿੱਖ ਲਹਿਰ ਵਿਚ ਸ਼ਾਮਲ ਹੋ ਗਏ। ਗੁਰੂ ਸਾਹਿਬਾਨ ਨੇ ਇਨ੍ਹਾਂ ਸਭਨਾਂ ਨੂੰ ਬਰਾਬਰੀ ਦਿੱਤੀ ਤੇ ਇਨ੍ਹਾਂ ਵਿਚੋਂ ਕਈਆਂ ਨੇ ਬਾਅਦ ਵਿਚ ਰਾਜ ਵੀ ਕੀਤਾ।

ਭਗਤ ਰਵਿਦਾਸ ਜੀ ਨੇ ਪਹਿਲਾਂ ਪ੍ਰਚਲਿਤ ਧਾਰਮਿਕ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਉਨ੍ਹਾਂ ਨੇ ਇਕ ਪਰਮਾਤਮਾ ਦੀ ਹੀ ਬੰਦਗੀ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਪੂਰਵ ਪ੍ਰਚਲਤ ਸਾਰੇ ਹਿੰਦੂ ਧਰਮ-ਗ੍ਰੰਥਾਂ ਨੂੰ ਗੈਰ-ਪ੍ਰਸੰਗਿਕ ਸਮਝਕੇ, ਰੱਦ ਕਰ ਦਿੱਤਾ। ਭਗਤ ਜੀ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਜੜ੍ਹ ਜਾਤ-ਪ੍ਰਥਾ ਉਪਰ ਜ਼ੋਰਦਾਰ ਹਮਲਾ ਕੀਤਾ। ਭਗਤ ਜੀ ਅਖੌਤੀ ਚਮਾਰ ਜਾਤੀ ਨਾਲ ਸੰਬੰਧਿਤ ਸਨ। ਅਛੂਤਾਂ ਦੀ ਦਸ਼ਾ, ਸ਼ੂਦਰਾਂ ਤੋਂ ਵੀ ਬਦਤਰ ਸੀ। ਪਰ ਰਵਿਦਾਸ ਜੀ ਨੂੰ ਆਪਣੇ ਅਛੂਤ ਹੋਣ 'ਤੇ ਕੋਈ ਅਫਸੋਸ ਨਹੀਂ ਸੀ ਤੇ ਨ ਹੀ ਹੀਣ-ਭਾਵਨਾ ਸੀ। ਉਹ ਪੁਕਾਰ ਕੇ ਦੱਸਦੇ ਹਨ :

(ੳ) ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥

(ਅ) ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥ (ਪੰਨਾ ੪੮੬)

ਜਨਮ ਲੈਣਾ, ਕਿਸੇ ਦੇ ਆਪਣੇ ਵੱਸ ਵਿਚ ਨਹੀਂ, ਤਾਂ ਫਿਰ ਨੀਵੀਂ ਜਾਤ ਵਿਚ ਪੈਦਾ ਹੋਣ ਲਈ ਦਿਲ ਕਿਉਂ ਛੋਟਾ ਕੀਤਾ ਜਾਵੇ? ਕਿਰਤ ਜੇਕਰ ਨੇਕ ਹੋਵੇ ਜਾਂ ਕਿਰਤ ਕੋਈ ਵੀ ਹੋਵੇ, ਇਸ ਤੋਂ ਹੀਣ-ਭਾਵਨਾ ਨਹੀਂ ਹੋਣੀ ਚਾਹੀਦੀ। ਕੰਮ ਵੱਡਾ ਛੋਟਾ ਨਹੀਂ ਹੁੰਦਾ। ਇਸ ਤੋਂ ਕੰਮ ਠੀਕ ਜਾਂ ਗਲਤ ਹੁੰਦਾ ਹੈ, ਜੋ ਕਿ ਮਨੁੱਖ ਦੀ ਇਮਾਨਦਾਰੀ ਉਪਰ ਨਿਰਭਰ ਕਰਦਾ ਹੈ। ਭਗਤ ਜੀ ਮ੍ਰਿਤਕ ਪਸ਼ੂ ਤੇ ਪਿੰਜਰ ਢੋਣ ਦਾ ਕੰਮ ਕਰਦੇ ਸਨ। ਇਸ ਦੀ ਜਾਣਕਾਰੀ ਉਨ੍ਹਾਂ ਆਪ ਦਿੱਤੀ ਹੈ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ....... ॥ (ਪੰਨਾ ੧੨੯੩)

ਭਗਤ ਰਵਿਦਾਸ ਜੀ ਨੇ ਕਥਿਤ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਝੰਜੋੜਿਆ ਅਤੇ ਸਮਝਾਇਆ ਕਿ ਛੋਟੀ ਜਾਤ ਵਾਲੇ, ਬਾਲਮੀਕ ਜੀ, ਰਾਮ ਜੀ ਦੀ ਭਗਤੀ ਕਾਰਣ ਚੰਡਾਲ, ਕ੍ਰਿਸ਼ਨ ਨਾਲ ਪ੍ਰੇਮ ਕਰਕੇ ਅਤੇ ਅਜਾਮਲ ਜੇਹੇ ਹਰੀ ਦੀ ਸ਼ਰਨ ਵਿਚ ਜਾਣ ਕਰਕੇ, ਪ੍ਰਭੂ ਦੇ ਦਰਬਾਰ ਵਿਚ ਸਵੀਕਾਰ ਹੋ ਸਕਦੇ ਹਨ ਤਾਂ ਤੁਸੀਂ ਕਿਉਂ ਪ੍ਰਵਾਨ ਨਹੀਂ ਹੋਵੋਗੇ।

ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ਰਹਾਉ॥
ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥ (ਪੰਨਾ ੧੧੨੪)

ਪਰਮਾਤਮਾ ਲਈ ਸਭ ਬਰਾਬਰ ਹਨ :


www.AKJ.Org

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥ (ਪੰਨਾ ੮੫੮)

ਭਗਤ ਜੀ ਨੇ ਨੀਵੇਂ ਤੋਂ ਉਚੇ ਹੋਣ ਦੀ ਵਿਧੀ ਦੱਸਦਿਆਂ ਲਿਖਿਆ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ (ਪੰਨਾ ੪੮੬)

ਭਗਤ ਰਵਿਦਾਸ ਜੀ ਨੇ ਸੋਸ਼ਿਤ ਅਤੇ ਅਪਮਾਨਿਤ ਵਰਗਾਂ ਨੂੰ ਦੱਸਿਆ ਕਿ ਜਾਤ-ਪਾਤ ਕਿਸੇ ਮਨੁੱਖ ਦੀ ਅਧਿਆਤਮਕ ਜਾਂ ਸਮਾਜਕ ਉਨਤੀ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਭਗਤ ਰਵਿਦਾਸ ਜੀ ਦੇ ਇਨ੍ਹਾਂ ਵਿਚਾਰਾਂ ਨੇ ਹੇਠਲੀਆਂ ਸ਼੍ਰੇਣੀਆਂ ਦੇ ਲੋਕਾਂ ਵਿਚ ਮੁਕਤ ਹੋਣ ਦੀ ਇੱਛਾ ਨੂੰ ਪ੍ਰਚੰਡ ਕੀਤਾ। ਭਗਤ ਜੀ ਨੇ ਦਲਿਤਾਂ ਨੂੰ ਸਮਾਜ ਵਿਚ ਪਰਿਵਰਤਨ ਦਾ ਸੂਤਰ ਦਿੰਦਿਆਂ ਲਿਖਿਆ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜਸ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥ (ਪੰਨਾ ੧੨੯੩)

ਜਿਵੇਂ ਸ਼ਰਾਬ ਤਾਂ ਅਪਵਿੱਤਰ ਹੈ, ਪਰ ਜੇ ਇਸ ਨੂੰ ਗੰਗਾ ਵਿਚ ਮਿਲਾ ਦੇਈਏ ਤਾਂ ਇਸ ਨਾਲ ਗੰਗਾ ਅਪਵਿੱਤਰ ਨਹੀਂ ਹੁੰਦੀ, ਇਸੇ ਤਰ੍ਹਾਂ ਤਾੜ ਦਾ ਦਰਖਤ ਅਪਵਿੱਤਰ ਮੰਨਿਆਂ ਜਾਂਦਾ ਹੈ ਪਰ ਇਸ ਤੋਂ ਬਣੇ ਕਾਗਜ ਉਪਰ ਪ੍ਰਭੂ-ਗੀਤ ਲਿਖੇ ਜਾਂਦੇ ਹਨ। ਭਗਤ ਜੀ ਦੱਸਦੇ ਹਨ ਕਿ ਭਾਵੇਂ ਉਨ੍ਹਾਂ ਦਾ ਜਨਮ ਨੀਵੀਂ ਮੰਨੀ ਜਾਣ ਵਾਲੀ ਜਾਤ ਦੇ ਘਰ ਹੋਇਆ, ਪਰ ਪ੍ਰਭੂ ਦੇ ਨਾਮ ਦਾ ਜਾਪ ਕਰਨ ਨਾਲ ਵੱਡੇ-ਵੱਡੇ ਬ੍ਰਾਹਮਣ ਵੀ ਉਨ੍ਹਾਂ ਨੂੰ ਨਮਸਕਾਰ ਕਰਦੇ ਹਨ। ਇਨ੍ਹਾਂ ਬਚਨਾਂ ਨੇ ਜਿੱਥੇ ਉਚੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਮਾਨਵਤਾ ਦਾ ਪਾਠ ਪੜ੍ਹਾਇਆ, ਉਥੇ ਦਲਿਤ ਸ਼੍ਰੇਣੀਆਂ ਨੂੰ ਭੀ 'ਕੁਝ ਕਰਨ' ਦੀ ਪ੍ਰੇਰਨਾ ਦਿੱਤੀ। ਇਸ ਸਿਖਿਆ ਨਾਲ ਇਨ੍ਹਾਂ ਵਰਗਾਂ ਵਿਚੋਂ ਹੀਣ-ਭਾਵਨਾ ਖਤਮ ਹੋਣ ਲੱਗੀ ਤੇ ਉਨ੍ਹਾਂ ਨੇ ਸਮਾਜਿਕ-ਮੁਕਤੀ ਦੀ ਚੇਤਨਾ ਮਿਲੀ।

## ਰਾਜਨੀਤਕ

ਹਾਲਾਂ, ਭਗਤ ਰਵਿਦਾਸ ਜੀ ਦੀ ਬਾਣੀ ਨੂੰ ਇਸ ਦ੍ਰਿਸ਼ਟੀ ਤੋਂ ਬਹੁਤ ਘੱਟ ਵਾਚਿਆ ਗਿਆ ਹੈ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਉਚ ਸ਼੍ਰੇਣੀਆਂ ਦੇ ਲੋਕ ਅੱਜ ਵੀ ਇਹ ਸਹਿਣ ਨਹੀਂ ਕਰਦੇ ਕਿ ਕੋਈ ਦਲਿਤ ਜਾਂ ਅਛੂਤ ਉਨ੍ਹਾਂ ਨੂੰ ਰਾਜਨੀਤਕ ਅਗਵਾਈ ਦੇਵੇ। ਦੂਜਾ ਕਾਰਨ ਇਹ ਹੈ ਕਿ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅੱਜ ਦਾ ਪ੍ਰਚਲਿਤ ਰਾਜਨੀਤਕ ਮੁਹਾਵਰਾ ਪ੍ਰਾਪਤ ਨਹੀਂ ਹੁੰਦਾ। ਸਾਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਲਗਪਗ ੬੦੦ ਵਰ੍ਹੇ ਪਹਿਲਾਂ ਹੋਏ ਭਗਤ ਰਵਿਦਾਸ ਜੀ ਤੋਂ, ਆਧੁਨਿਕ ਮਾਪਦੰਡਾਂ ਵਾਲੀ ਰਾਜਨੀਤਕ ਵਿਚਾਰਧਾਰਾ ਦੀ ਆਸ ਕਰਨੀ ਜ਼ਿਆਦਤੀ ਹੋਵੇਗੀ। ਇਹ ਗੱਲ ਦ੍ਰਿੜ੍ਹਤਾ ਨਾਲ ਕਹੀ ਜਾ ਸਕਦੀ ਹੈ ਕਿ ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਦੇ ਹੋਰਨਾਂ ਭਗਤਾਂ ਤੋਂ ਕਿਧਰੇ ਵਿਸ਼ਾਲ, ਮੌਲਿਕ, ਤੇ ਸਪੱਸ਼ਟ ਰੂਪ ਵਿਚ ਰਾਜਨੀਤਕ ਵਿਚਾਰ ਦਿੱਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਉਨ੍ਹਾਂ ਦੇ ਦੋ ਸ਼ਬਦ ਸਿੱਖ-ਪੰਥ ਨੂੰ ਅੱਜ ਵੀ ਭਰਪੂਰ ਪ੍ਰੇਰਨਾ ਦਿੰਦੇ ਹਨ। ਪਹਿਲਾਂ ਸ਼ਬਦ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ॥



www.AKJ.Org

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥ (ਪੰਨਾ ੧੧੦੬)

ਇਸ ਸ਼ਬਦ ਵਿਚ ਭਗਤ ਜੀ ਨੇ 'ਛਤ੍ਰ' ਸ਼ਬਦ ਦਾ ਪ੍ਰਯੋਗ ਕਰ ਕੇ, ਮੱਧਕਾਲੀ ਮੁਹਾਵਰੇ ਵਿਚ ਕਿਹਾ ਹੈ ਕਿ ਦਲਿਤ ਵਰਗ ਨੂੰ ਵੀ ਰਾਜਸੀ ਕੰਮਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ। ਇਸ ਤਰ੍ਹਾਂ ਭਗਤ ਜੀ ਨੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਜਮਹੂਰੀ ਵਿਵਸਥਾ ਦੇ ਹੱਕ ਵਿਚ ਹੀ ਆਪਣਾ ਪੱਖ ਦਿੱਤਾ ਹੈ।

ਦੂਜੇ ਸ਼ਬਦ ਵਿਚ ਭਗਤ ਰਵਿਦਾਸ ਜੀ ਨੇ ਆਦਰਸ਼ ਰਾਜ ਦਾ ਨਮੂਨਾ ਦੱਸਿਆ ਹੈ ਕਿ ਰਾਜ ਵਿਚ ਕਿਸੇ ਨੂੰ ਕੋਈ ਦੁੱਖ-ਤਕਲੀਫ ਨ ਹੋਵੇ, ਰਾਜ ਅਯੋਗ ਕਰ (ਟੈਕਸ) ਨਾ ਲਾਵੇ, ਇਥੇ ਨਾਗਰਿਕਾਂ ਦੇ ਜਾਨ-ਮਾਲ ਦੀ ਪੂਰਨ ਸੁਰੱਖਿਆ ਦੀ ਗਾਰੰਟੀ ਹੋਵੇ। ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਦਾ ਡਰ ਨ ਹੋਵੇ। ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨ ਹੋਵੇ। ਨਾਗਰਿਕਾਂ ਦੇ ਸੁਖ-ਆਰਾਮ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ :

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥ (ਪੰਨਾ ੩੪੫)

ਇਸ ਪ੍ਰਕਾਰ ਭਗਤ ਰਵਿਦਾਸ ਜੀ ਨੇ ਲੋਕ-ਆਗੂ ਅਤੇ ਕਰਾਂਤੀਕਾਰੀ ਆਗੂ ਵਜੋਂ, ਜਿਥੇ ਸਮਾਜ ਦੀਆਂ ਬੁਰਾਈਆਂ ਦਾ ਵਰਣਨ ਕੀਤਾ, ਉਥੇ ਇਨ੍ਹਾਂ ਬੁਰਾਈਆਂ ਦੇ ਕਾਰਨਾਂ ਨੂੰ ਸਮਝਦੇ ਹੋਏ, ਸਮਾਜਿਕ-ਮੁਕਤੀ ਦਾ ਆਦਰਸ਼ ਵੀ ਰੱਖਿਆ। ਰਾਜਨੀਤਕ ਦ੍ਰਿਸ਼ਟੀ ਤੋਂ ਵੀ ਉਨ੍ਹਾਂ ਨੇ ਆਪਣੇ ਸਮੇਂ ਦੇ ਲੋਕਾਂ ਨੂੰ ਸਿੱਖਿਅਤ ਕੀਤਾ। ਉਨ੍ਹਾਂ ਦੀ ਇਹ ਵਿਚਾਰਧਾਰਾ ਅੱਜ ਵੀ ਹਿੰਦੁਸਤਾਨ ਦੇ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਦੱਬੇ-ਕੁਚਲੇ ਅਤੇ ਅਪਮਾਨਿਤ ਲੋਕਾਂ ਦਾ ਮਾਰਗ-ਦਰਸ਼ਨ ਕਰ ਸਕਦੀ ਹੈ। ਇਹੀ ਉਨ੍ਹਾਂ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਨੂੰ ਰੋਸ਼ਨ ਕਰਨ ਵਾਲਾ ਨੁਕਤਾ ਹੈ।

(ਪੰਨਾ ੨੨ ਦਾ ਬਾਕੀ ...)
ਲਹਿਰਾਂ ਦਾ ਟਾਕਰਾ ਕਰਦੇ ਹੋਏ ਮੰਜ਼ਿਲ ਤੱਕ ਪਹੁੰਚਣ ਦਾ ਯਤਨ ਕਰ ਰਹੇ ਹਨ। ਗੁਰ ਪ੍ਰਸਾਦਿ, ਨਾਮ ਸਿਮਰਨ, ਸਤਿਸੰਗ, ਭਲੇ ਪੁਰਸ਼ਾਂ ਦਾ ਮੇਲ, ਧਰਮ ਦੀ ਕਿਰਤ, ਸ਼ੁਭਕਰਨੀ ਆਦਿ ਗੁਣ ਧਾਰਨ ਕਰਕੇ ਉਹ ਜਗ ਨੂੰ ਬਾਜੀ, ਲੀਲਾ, ਖੇਡ ਦੇ ਰੂਪ ਵਿਚ ਵੇਖਦਾ ਹੋਇਆ ਸਿਰਜਨਹਾਰ ਬਾਜੀਗਰ ਨਾਲ ਪ੍ਰੀਤ ਪਾਉਂਦਾ ਹੋਇਆ ਵਿਸ਼ਵਾਸ ਰੱਖਦਾ ਹੈ ਕਿ

ਜਨ ਰਵਿਦਾਸ ਰਾਮ ਰੰਗ ਰਾਤਾ॥ ਇਉ ਗੁਰ ਪ੍ਰਸਾਦਿ ਨਰਕ ਨਹੀ ਜਾਤਾ॥(੪੮੭)

ਅਤੇ ਬੜੀ ਦੀਨ ਭਾਵਨਾ ਨਾਲ ਬੇਨਤੀ ਕਰਦਾ ਹੈ:

ਹਮ ਸਰ ਦੀਨੁ ਦਇਆਲੁ ਨ ਤੁਮ ਸਰ ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ਕਾਰਨ ਕਵਨ ਅਬੋਲ॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥(੬੯੪)


www.AKJ.Org

# ਸਹਿਜਧਾਰੀ ਬਨਾਮ ਗੁਰਦੁਆਰਾ ਚੋਣਾਂ

(ਗੁਰਚਰਨਜੀਤ ਸਿੰਘ ਐਡਵੋਕੇਟ ੨੪, ਸ਼ਹੀਦ ਊਧਮ ਸਿੰਘ ਨਗਰ ਜਲੰਧਰ)

ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠਾ ਹਰ ਗੁਰੂ ਨਾਨਕ ਨਾਮ ਲੇਵਾ ਆਪਣੀ ਨਿਤਾਪ੍ਰਤੀ ਅਰਦਾਸ ਵਿਚ ਜਾਂ ਤਖਤਾਂ ਦੇ ਸਰਬਤ ਗੁਰਦੁਆਰਿਆਂ ਦਾ ਧਿਆਨ ਧਰ ਉਚੀ ਧੁਨੀ ਵਿਚ ਵਾਹਿਗੁਰੂ ਦਾ ਨਾਦ ਗੁਜਾਦਾ ਹੈ। ਫਿਰ ਚੌਂਕੀਆ, ਝੰਡਿਆਂ ਤੇ ਬੁੰਗਿਆ ਦੇ ਜੁਗੋ ਜੁਗ ਅਟਲ ਹੋਣ ਦੀ ਕਾਮਨਾ ਕਰਦਾ ਹੈ। ਪਰ ਇਸਦੇ ਨਾਲ ਨਾਲ ਇਕ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਕੋਲੋਂ ਕਰਦਾ ਹੈ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਪ੍ਰਾਪਤ ਹੋਵੇ। ਹਾਲਾਂਕਿ ਗੁਰੂ ਦਾ ਦਰ ਇਕ ਐਸਾ ਦਰ ਹੈ ਜਿਥੇ ਆਣ ਤੋਂ ਕਿਸੇ ਨੂੰ ਵੀ ਹਟਕਿਆ ਜਾਂ ਰੋਕਿਆ ਨਹੀਂ ਜਾ ਸਕਦਾ। ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥(1367) ਪਰ ਇਹ ਵੀ ਦਰਜ ਹੈ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੇਵਲ ਸਤਿ ਸ੍ਰੀ ਅਕਾਲ ਪੁਰਖ ਜੀ ਦਾ ਖਾਲਸਾ ਹੀ ਕਰ ਸਕਦਾ ਹੈ। ਪਾਕਿਸਤਾਨ ਵਿਚ ਗੁਰਦੁਆਰਾ ਦੀ ਸੇਵਾ ਸੰਭਾਲ ਨਾ ਹੋ ਸਕਣ ਦਾ ਇਕੋ ਇਕ ਕਾਰਣ ਉਥੇ ਖਾਲਸਾ ਜੀ ਦਾ ਨਾ ਹੋਣਾ ਹੀ ਹੈ। ਸੋ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੌਣ ਕਰ ਸਕਦਾ ਹੈ ਇਸ ਮੁੱਢਲੇ ਪੰਥਕ ਅਸੂਲ ਦੇ ਬਾਅਦ ਕਿਸੇ ਵਾਦ ਦੀ ਗੁਜਾਇਸ਼ ਨਹੀਂ ਰਹਿ ਜਾਂਦੀ।

ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਸੌਂਪਣ ਲਈ ਜਦੋਂ ਤੋਂ ਹਰ ਬਾਲਗ ਦੀ ਇਕ ਵੋਟ ਦਾ ਸਿਲਸਿਲਾ ਵਿਚ ਆਇਆ ਹੈ ਇਸ ਨੇ ਰਾਜਨੀਤਕ ਬੰਦਿਆਂ ਨੂੰ ਗਲਤ ਸਹੀ ਢੰਗ ਨਾਲ ਵੋਟਾਂ ਰਾਹੀਂ ਗੁਰਦੁਆਰਿਆਂ ਤੇ ਕਬਜ਼ੇ ਕਰਣ ਦੀ ਪਰਵਿਰਤੀ ਨੂੰ ਜਨਮ ਦਿੱਤਾ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਿਸ ਢੰਗ ਨਾਲ ਅਸੈਂਬਲੀ ਅਤੇ ਪਾਰਲੀਮੈਂਟ ਦੀਆਂ ਚੋਣਾਂ ਦੌਰਾਨ ਜੋ ਬੇਸ਼ਰਮੀ ਅਤੇ ਬਹੁਰਮਤੀ ਅਸੂਲਾਂ ਦੀ ਹੁੰਦੀ ਹੈ ਉਸ ਤਰ੍ਹਾਂ ਦੀਆਂ ਇੱਲਤਾਂ ਗੁਰਦੁਆਰਾ ਚੋਣਾਂ ਵਿਚ ਵੀ ਆ ਗਈਆਂ ਹਨ। ਕਦੀ ਸਮਾਂ ਸੀ ਕਿ ਅਕਾਲੀ ਦਲ ਦੇ ਸਾਲਾਨਾ ਸਮਾਗਮ ਗੁਰੂ ਗ੍ਰੰਥ ਸਾਹਿਬ ਦੀ ਛੱਤ੍ਰ ਛਾਇਆ ਵਿਚ ਹੁੰਦੇ ਸਨ ਅਤੇ ਅਖੀਰਲੇ ਸੈਸ਼ਨ ਵਿਚ ਅੰਮ੍ਰਿਤ ਸੰਚਾਰ ਹੁੰਦਾ ਸੀ ਪਰ ਆਉਣ ਵਾਲੇ ਸਮੇਂ ਦੀ ਚਿਤਾਵਨੀ ਮਿਲ ਰਹੀ ਹੈ ਕਿ ਹੁਣ ਦੇ ਅਕਾਲੀ ਸਮਾਗਮਾਂ ਵਿਚ ਪੰਥਕ ਸਟੇਜ ਤੇ ਵੀ ਸਕਰਟਾਂ ਵਾਲੀਆਂ ਦੇ ਨਾਚ ਕਰਵਾਏ ਗਏ ਅਤੇ ਸਟੇਜ ਤੋਂ ਇੱਥੇ ਤਕ ਐਨਾਊਂਸਮੈਂਟਾਂ ਹੋਈਆਂ ਕਿ ਸਾਧ ਸਗੰਤ ਜੀ ਬੈਠੇ ਰਹੋ ਹੁਣ 'ਅਖੀਆਂ ਸੇ ਗੋਲੀ ਮਾਰੇ ਵਾਲਾਂ' ਗਾਣਾ ਆਏਗਾ। ਇਸ ਪਿਛੋਕੜ ਵਿਚ ਹਰ ਕਿਸੇ ਰਾਜਨੀਤਕ ਧਾੜਵੀ ਦੀ ਇਕੋ ਇਕ ਇੱਛਾ ਹੁੰਦੀ ਹੈ ਕਿ ਵੋਟਾਂ ਭਾਵੇਂ ਕਿਹੋ ਜਹੀਆਂ ਹੋਣ ਪਰ ਵੱਧ ਤੋਂ ਵੱਧ ਹੋਣ। ਇਸ ਮਕਸਦ ਲਈ ਹੋਰ ਤਾਂ ਹੋਰ ਸਹਿਜਧਾਰੀ ਦੇ ਨਾਮ ਹੇਠ ਦੋਸਤਾਂ ਮਿਤਰਾਂ, ਪ੍ਰਵਾਸੀ ਮਜ਼ਦੂਰਾਂ ਭਾਵੇਂ ਉਹ ਹਿੰਦੂ ਹੋਣ ਜਾਂ ਮੁਸਲਮਾਨ ਅਤੇ ਇਸ ਵਿਚ ਧਰਮ ਨਿਰਪੱਖਤਾ ਦਾ ਪੱਕਾ ਸਬੂਤ ਦਿੰਦਿਆਂ ਸਿੱਖ ਗੈਰ ਸਿੱਖ, ਜਾਂ ਵਿਰੋਧੀ ਤਕ ਦਾ ਵਿਚਾਰ ਨਹੀਂ ਰੱਖਿਆਂ ਜਾਂਦਾ। ਜਿਹਨਾਂ ਨੇ ਧਰਮ ਨੂੰ ਰਾਜਨੀਤੀ ਬਣਾ ਲਿਆ ਹੋਵੇ ਇਸ ਤੋਂ ਨਤੀਜੇ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ ?

ਲਬੋਂ ਪੇ ਰੰਗ ਉਲਫਤ ਕੇ, ਭਰੇ ਹੈਂ ਦਿਲ ਕਦੂਰਤ ਸੇ।
ਖੁਦਾ ਕੀ ਬਾਤ ਕਰਤੇ ਹੈਂ, ਖੁਦਾ ਸੇ ਕੋਨ ਡਰਤਾ ਹੈ ?

ਇਸ ਪਿਛੋਕੜ ਵਿਚ ਪੰਥ ਦੀ ਚਿਰੋਕਣੀ ਮੰਗ ਸੀ ਕਿ 'ਸਹਿਜਧਾਰੀ ਦੀ ਪਰਿਭਾਸ਼ਾ ਇਕ ਐਸਾ ਸਾਧਨ ਹੈ ਜੋ ਗੁਰਦੁਆਰਿਆਂ ਤੋਂ ਸਿੱਖਾਂ ਨੂੰ ਖਾਰਜ ਕਰਣ ਦਾ ਸਾਧਨ ਬਣ ਸਕਦੇ ਹਨ। ਇਸ ਮੰਗ ਨੂੰ ਮੰਨਦੇ ਹੋਏ ਕੇਂਦਰ ਸਰਕਾਰ ਵਲੋਂ ਚੀਫ ਜਸਟਿਸ ਹਰਬੰਸ ਸਿੰਘ ਜੀ ਦਾ ਤਿਆਰ ਕੀਤੇ ਸਿੱਖ ਗੁਰਦੁਆਰਾ ਐਕਟ ਦਾ ਤਰਮੀਮੀ ਖਰੜੇ ਵਿਚ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਿਆ ਗਿਆ ਹੈ ਵਿਚ ਸਹਿਜਧਾਰੀ ਦੀ ਮੱਦ ਕੱਟ ਦਿੱਤੀ ਹੈ।

ਕਿਸੇ ਨੇ ਕਿਹਾ ਸੀ ਹੇ ਵਾਹਿਗੁਰੂ ਦੁਸ਼ਮਣਾਂ ਤੋਂ ਮੈਂ ਬਚ ਸਕਦਾ ਹਾਂ ਮੈਨੂੰ ਆਪਣਿਆਂ ਤੋਂ ਬਚਾਈਂ। ਪੰਥ ਪ੍ਰਵਾਨਤ ਇਸ ਮਸਲੇ ਤੇ ਵੀ ਹੋਰ ਕਿਸੇ ਤੋਂ ਨਹੀਂ ਆਪਣਿਆਂ ਤੋਂ ਅਤੇ ਆਪਣਿਆਂ ਰਾਹੀਂ ਹੀ ਇਸ



www.AKJ.Org

ਦਾ ਵਿਰੋਧ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਮੰਗ ਦਾ ਪਿਛੋਕੜ, ਕਾਰਣ ਅਤੇ ਨਿਦਾਨ ਬਾਰੇ ਵਿਚਾਰ ਹੇਠ ਦਿੱਤੇ ਗਏ ਹਨ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਇਸ ਨੂੰ ਵਿਚਾਰਨਾ ਜ਼ਰੂਰੀ ਹੈ।

ਪੰਥ ਦੋਖੀਆਂ ਨੂੰ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ, ਪੰਥ ਦੀ ਕਈ ਦਹਾਕਿਆਂ ਤੋਂ ਚਲੀ ਆ ਰਹੀ ਮੰਗ ਨੂੰ ਨੋਟੀਫਿਕੇਸ਼ਨ ਵਿਚ ਥਾਂ ਦਿੱਤੀ ਹੈ ਕਿ ਵੋਟਰ ਕੇਵਲ ਕੇਸਾਧਾਰੀ ਹੀ ਹੋ ਸਕਦਾ ਹੈ, ਸਹਿਜਧਾਰੀ ਨਹੀਂ। ਇਸ ਸਦੀ ਦੇ ਦੂਸਰੇ ਅਤੇ ਤੀਸਰੇ ਦਹਾਕੇ ਵਿਚ ਭਾਵੇਂ ਲੱਖਾਂ ਦੀ ਗਿਣਤੀ ਵਿਚ ਸਹਿਜਧਾਰੀ ਮੌਜੂਦ ਸਨ ਪਰ ਇਹ ਇਕ ਸਪਸ਼ਟ ਅਤੇ ਅੱਕਟ ਤੱਥ ਹੈ ਕਿ ਮਹੰਤਾਂ ਦੇ ਦੁਰਾਚਾਰ ਤੋਂ ਗੁਰਦੁਆਰਿਆਂ ਦੀ ਆਜ਼ਾਦੀ ਦੀ ਮੁਹਿੰਮ ਵਿਚ ਕੁਰਬਾਨੀਆਂ, ਤਸ਼ੱਦਦ ਅਤੇ ਜੇਲਾਂ ਕੇਵਲ ਅਤੇ ਕੇਵਲ ਸਾਬਤ ਸੂਰਤ ਖਾਲਸਾ ਜੀ ਨੇ ਹੀ ਆਪਣੇ ਪਿੰਡੇ ਤੇ ਹੰਡਾਈਆਂ ਹਨ। ਦੇਸ਼ ਦੇ ਬਟਵਾਰੇ ਦੇ ਬਾਅਦ ਪਾਕਿਸਤਾਨ ਵਿਚ ਲੱਖਾਂ ਦੀ ਗਿਣਤੀ ਵਿਚ ਅਜੇ ਵੀ ਸਹਿਜਧਾਰੀ ਮੌਜੂਦ ਹਨ ਪਰ ਇਹ ਇਕ ਸੱਚ ਹੈ ਕਿ ਉੱਥੇ ਗੁਰਧਾਮਾਂ ਨੂੰ ਤਾਲੇ ਲਗੇ ਹੋਏ ਹਨ ਅਤੇ ਉਹ ਖੁਲਦੇ ਉਦੋਂ ਹੀ ਹਨ ਜਦੋਂ ਚੜ੍ਹਦੇ ਪੰਜਾਬ ਵਿਚੋਂ ਸੰਗਤਾਂ ਜਾਂਦੀਆਂ ਹਨ। ਇਸੇ ਲਈ ਤਾਂ 'ਜਹਾਂ ਜਹਾਂ ਖਾਲਸਾ ਜੀ ਹੈਂ 'ਤਹਾਂ ਤਹਾਂ ਰਛਿਆ ਰਿਆਇਤ' ਮੰਗ ਦੇ ਨਾਲ ਨਾਲ ਇਕ ਮੰਗ ਹਰ ਸਿੱਖ ਹੋਰ ਵੀ ਕਰਦਾ ਹੈ ਕਿ 'ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਪ੍ਰਾਪਤ ਹੋਵੇਂ।

ਇਸ ਸਦੀ ਦੇ ਅਰੰਭ ਵਿਚ ਸਰਕਾਰ ਵਲੋਂ ਕੁਝ ਰਿਆਇਤਾਂ, ਸਿੱਖਾਂ ਨੂੰ ਦਿੱਤੀਆਂ ਗਈਆਂ ਸਨ। ਪੰਜਾਬ ਵਿਚ ਵਸਦੇ ਸਹੀ ਮਾਇਨੇ ਵਿਚ ਸਹਿਜਧਾਰੀ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਨੂੰ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਮੰਨਦੇ ਸਨ ਅਤੇ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਹੀਂ ਸਨ ਰਖਦੇ, ਉਹਨਾਂ ਨੂੰ ਵੀ ਇਹ ਸਹੂਲਤਾਂ ਮਿਲਣ ਵਿਚ ਕੋਈ ਦਿੱਕਤ ਨਾ ਆਵੇ ਇਸ ਲਈ ਸ਼੍ਰੋਮਣੀ ਕਮੇਟੀ ਵਲੋਂ ੨੮ ਫਰਵਰੀ, 1931 ਦੀ ਆਪਣੀ ਜਨਰਲ ਇਕਤ੍ਰਤਾ ਵਿਚ ਮਤਾ ਪਾਸ ਕੀਤਾ ਗਿਆ,

ਪ੍ਰਵਾਨ ਹੋਇਆ ਕਿ ਸਰਕਾਰੀ ਮੁਲਾਜ਼ਮਤਾਂ ਆਦਿ ਲਈ ਸਹਿਜਧਾਰੀ ਸਿੱਖ ਹੋਣ ਸਬੰਧੀ ਲੋੜੀਦੀ ਤਹਿਕੀਕਾਤ ਕਰਨ ਉਪਰੰਤ ਕਿਸੇ ਸੱਜਣ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਰਟੀਫਿਕੇਟ ਦੇਣ ਦਾ ਅਧਿਕਾਰ ਅੰਤ੍ਰਿਗ ਕਮੇਟੀ ਨੂੰ ਦਿੱਤਾ ਜਾਂਦਾ ਹੈ। (ਜਨਰਲ ਇਕੱਤ੍ਰਤਾ ੨੮ ਫਰਵਰੀ, 1931)

ਗੁਰਮਤਿ ਅਨੁਸਾਰ ਸਹਿਜਧਾਰੀ ਦਾ ਕੀ ਸੰਕਲਪ ਹੈ, ਇਸ ਬਾਰੇ ਕੁਝ ਵਿਚਾਰ ਜ਼ਰੂਰੀ ਹੈ। ਸਹਿਜਧਾਰੀ ਇਕ ਐਸੀ ਸੰਪ੍ਰਦਾ ਸੀ ਜੋ ਸਹਿਜੇ ਸਹਿਜੇ ਸਿੱਖੀ ਦੇ ਦਾਇਰੇ ਵਿਚ ਸ਼ਾਮਿਲ ਹੁੰਦੀ ਸੀ ਅਤੇ ਆਪਣੀ ਸੰਤਾਨ ਨੂੰ ਸਾਬਤ ਸੂਰਤ ਬਣਾਂਦੀ ਸੀ। ਪ੍ਰੰਪਰਾ ਮੁਤਾਬਿਕ ਸਹਿਜਧਾਰੀ ਲਈ ਵੀ ਚਿਹਰੇ ਦੇ ਕੇਸ ਸਾਬਿਤ ਰਖਣੇ ਜ਼ਰੂਰੀ ਸੀ। ਸਹਿਜਧਾਰੀ ਦੀ ਪਰਿਭਾਸ਼ਾ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਜੋ ਭਾਸ਼ਾ ਵਿਭਾਗ ਪੰਜਾਬ ਸਰਕਾਰ ਨੇ ਛਾਪਿਆ ਹੈ ਉਸ ਦੀ 1981 ਵਾਲੀ ਐਡੀਸ਼ਨ ਦੇ ਪੰਨਾ 137 ਤੇ ਇਸ ਤਰਾਂ ਅੰਕਤ ਕੀਤੀ ਹੈ,

ਸਿੱਖਾਂ ਦਾ ਇਕ ਅੰਗ, ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾ ਆਪਣਾ ਹੋਰ ਧਰਮਪੁਸਤਕ ਨਹੀਂ ਮੰਨਦਾ। ਪੰਜਾਬ ਅਤੇ ਸਿੰਧ ਵਿਚ ਸਹਜਧਾਰੀ ਬਹੁਤ ਗਿਣਤੀ ਦੇ ਹਨ, ਖਾਸ ਕਰਕੇ ਸਿੰਧ ਦੇ ਸਹਜਧਾਰੀ ਵੱਡੇ ਪ੍ਰੇਮੀ ਅਤੇ ਸ਼੍ਰਧਾਵਾਨ ਹਨ। ਜੋ ਸਿੰਘ, ਸਹਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅੰਞਾਣ ਹਨ।

ਭਾਈ ਕਾਨ੍ਹ ਸਿੰਘ ਜੀ ਰਚਿਤ ਮਹਾਨ ਕੋਸ਼ ਦੇ ਪੰਨਾ ੬੭੩ ਤੇ ਇਕ ਸਹਿਜਧਾਰੀ ਦੀ ਤਸਵੀਰ ਦਿੱਤੀ ਹੈ ਜਿਸਦੇ ਸਿਰ ਤੇ ਦਸਤਾਰ ਸਜਾਈ ਹੋਈ ਹੈ ਅਤੇ ਚਿਹਰੇ ਤੇ ਦਾੜ੍ਹੇ ਅਤੇ ਮੁੱਛਾਂ ਪੂਰੀਆਂ ਹਨ। ਸਰਦਾਰ ਪਿਆਰਾ ਸਿੰਘ ਪਦਮ ਨੇ ਆਪਣੀ ਪ੍ਰਸਿੱਧ ਪੁਸਤਕ ਰਹਿਤਨਾਮੇ ਵਿਚ ਰਹਿਤਨਾਮਾ ਸਹਿਜਧਾਰੀਆਂ ਕਾ-ਵਾਜਬੁਲਅਰਜ਼ ਦੇ ਹਵਾਲੇ ਦਿੱਤੇ ਹਨ ਜਿਸ ਮੁਤਾਬਕ ਗੁਰੂ ਸਾਹਿਬ ਦਾ ਹੁਕਮ ਸਹਿਜਧਾਰੀਆਂ ਪ੍ਰਤੀ ਕੀ ਹੈ, ਸਪਸ਼ਟ ਕੀਤਾ ਹੈ,

ਸੱਚੇ ਪਾਤਸ਼ਾਹ । ਅਸੀਂ ਸਹਜਧਾਰੀ ਤੇਰੇ ਸਿਖ ਜੋ ਹੈਸਾਂ, ਸੋ ਮਾਤਾ ਪਿਤਾ ਦੇ ਮਰਣੇ ਉੱਪਰ ਕ੍ਰਿਆ ਕਰਮ ਭੱਦਣ ਜੋ ਵੀ ਸੰਸਾਰ ਦੀ ਰੀਤਿ ਸੀ ਸੋ ਕਰਦੇ ਹੈਸਾਂ, ਤੇ ਹੁਣ ਸਿਖ ਆਖਦੇ ਹਨ-ਜੋ ਖਾਲਸਾ ਵਾਹਿਗੁਰੂ


www.AKJ.Org

ਜੀ ਨੇ ਵਰਤਾਇਆ ਹੈ, ਹੁਣ ਤੁਸੀਂ ਰੀਤਾਂ ਸੰਸਾਰ ਦੀਆਂ ਨਾ ਕਰਿਆ ਕਰੋ। ਸੱਚੇ ਪਾਤਸ਼ਾਹ । ਜਿਵੇਂ ਹੁਕਮ ਹੋਵੇ। ਤਾਂ ਬਚਨ ਹੋਇਆ, ਖਾਸ ਤਸਖਤ ਹੋਏ - ਭੱਦਣ ਨਹੀਂ ਕਰਨਾ, ਹੋਰ ਕ੍ਰਿਆ ਕਰਮ ਕਰਤੂਤ ਜੈਸੀ ਦੇਸ ਕਾਲ ਹੋਵੇ, ਤਿਵੇਂ ਕਰਕੇ ਬਖਸ਼ਾਇ ਲੈਣਾ।

ਸੱਚੇ ਪਾਤਸ਼ਾਹ । ਵਕਤ ਜੰਞੂ ਪਾਵਣੇ ਦੇ ਅਸੀਂ ਪੁਤ੍ਰ ਨੂੰ ਉਸਤਰੇ ਨਾਲ ਭੱਦ੍ਰ ਕਰਾਂਵਦੇ ਸਾਂ, ਹੁਣ ਜਿਵੇਂ ਹੁਕਮ ਹੋਵੇ ਤਿਵੇਂ ਕੀਚੇ, ਹੁਕਮ ਤੇ ਖਾਸ ਦਸਤਖਤ ਹੋਏ-ਜੋ ਸਹਜਧਾਰੀ ਦੇ ਬੇਟਿਆਂ ਨੂੰ ਪਾਹੁਲ ਦੇਣੀ।

ਤਨਖਾਹਨਾਮਾ ਕਲਗੀਧਰ ਪਿਤਾ ਦੇ ਹਜ਼ੂਰੀ ਭਾਈ ਚਉਪਾ ਸਿੰਘ ਜੀ ਛਿਬੱਰ ਵਿਚ ਵੀ ਅੰਕਤ ਹੈ, ਜੋ ਸਿਖ ਸਹਜਧਾਰੀ ਹੋਇਕੇ ਚਿਹਰੇ ਦੇ ਰੋਮ ਲੁਹਾਏ, ਸੋ ਭੀ ਤਨਖਾਹੀਆ।...... ਜੋ ਕੇਸਾਧਾਰੀ ਹੋਇ ਕੇ, ਬੇਟੇ ਕਤਰੂ (ਕੇਸ ਕੱਟਣ ਵਾਲੇ) ਰਖੇ, ਸੋ ਤਨਖਾਹੀਆ।

ਪਰ ਇਹ ਇਕ ਤਲਖ ਸੱਚਾਈ ਹੈ ਕਿ 1947 ਤੋਂ ਪਹਿਲਾਂ ਜਿਹੜੇ ਸਹਿਜਧਾਰੀ ਆਪਣੇ ਆਪ ਨੂੰ ਸਿੱਖ ਅਖਵਾਂਦੇ ਸਨ ਉਹਨਾਂ ਨੇ ਇਸ ਤੋਂ ਬਾਅਦ ਸਿਖਾਂ ਨੂੰ ਵੀ ਹਿੰਦੂ ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਸਿਵਾਏ ਗਿਣਤੀ ਦੇ ਸਹੀ ਸਾਹਿਜਧਾਰੀਆਂ ਨੂੰ ਛੱਡ ਕੇ ਅਮਲੀ ਤੌਰ ਤੇ ਸਹਿਜਧਾਰੀ ਸੰਪ੍ਰਦਾ ਸਮਾਪਤ ਹੋ ਚੁਕੀ ਹੈ। ਸਤਿਕਾਰਯੋਗ ਦਾਦਾ ਚੇਲਾ ਰਾਮ ਜੀ ਜੋ ਸਾਰੀ ਜ਼ਿੰਦਗੀ ਗੁਰਦੁਆਰਿਆਂ ਅਤੇ ਸਿੱਖ ਸੰਗਤਾਂ ਵਿਚ ਜਾਕੇ ਗੁਰਬਾਣੀ ਗਾਇਨ ਕਰਦੇ ਰਹੇ, 1984 ਤੋਂ ਬਾਅਦ ਉਹਨਾਂ ਦੇ ਸਥਾਪਤ ਪੂਸਾ ਰੋਡ, ਦਿੱਲੀ ਵਿਖੇ ਨਿਰਗੁਣੀਆਰਾ ਆਸ਼੍ਰਮ ਦਾ ਵੀ ਨਵਾਂ ਨਾਮਕਰਣ ਹੋਕੇ ਬੋਰਡ ਲੱਗ ਗਿਆ ਹੈ, 'ਯੇਹ ਮੰਦਿਰ ਹੈ॥'

ਇਸ ਪਿਛੋਕੜ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਹਾਲਾਤ ਦਾ ਜਾਇਜ਼ਾ ਲੈਕੇ ਆਪਣੇ ਜਨਰਲ ਇਜਲਾਸ ਵਿਚ 31 ਮਾਰਚ 1973 ਨੂੰ ਮਤਾ ਪਾਸ ਕੀਤਾ ਜੋ ਕਿ ਕਾਫੀ ਮਹੱਤਵ ਪੂਰਣ ਹੈ ਅਤੇ ਇਹ ਮਤਾ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ ਅਤੇ ਇਸ ਵਿਚ ਕਿਸੇ ਹੋਰ ਵਿਚਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਮਤੇ ਮੁਤਾਬਿਕ :

ਸਾਲ 1925 ਵਿਚ ਸਿੱਖ ਗੁਰਦੁਆਰਾ ਐਕਟ ਬਣਨ ਵੇਲੇ ਸਮੁੱਚੇ ਪੰਜਾਬ ਦੇ ਕੁਝ ਜ਼ਿਲਿਆਂ ਵਿਚ ਸਹਿਜਧਾਰੀ ਸਿੱਖ ਹੁੰਦੇ ਸਨ ਹੋ ਸਿੱਖ ਗੁਰਦੁਆਰਾ ਐਕਟ ਦੀ ਤਾਰੀਫ (ਪ੍ਰੀਭਾਸ਼ਾ) ਉਤੇ ਪੂਰੇ ਉਤਰਦੇ ਸਨ, ਪਰੰਤੂ ਬਟਵਾਰੇ ਤੋਂ ਉਪ੍ਰੰਤ ਗਿਣਤੇ ਦੇ ਕੁਝ ਕੁ ਸਹਿਜਧਾਰੀਆਂ ਤੋਂ ਬਿਨਾਂ ਇਹ ਸੰਪ੍ਰਦਾਇ ਅਮਲੀ ਤੌਰ ਤੇ ਖਤਮ ਹੋ ਚੁਕਾ ਹੈ। ਇਹਨਾਂ ਸਹਿਜਧਾਰੀਆਂ ਵਿਚੋਂ ਕੁਝ ਤਾਂ ਸਿੰਘ ਸਜ ਗਏ ਹਨ ਤੇ ਕੁਝ ਹਿੰਦੂ ਸਭਿਆਚਾਰ ਦਾ ਹੀ ਹਿੱਸਾ ਬਣ ਗਏ ਹਨ, ਪਰ ਗੁਰਦੁਆਰਾ ਚੋਣ ਲਈ ਨਵੀਆਂ ਬਣ ਰਹੀਆਂ ਵੋਟਰ ਲਿਸਟਾਂ ਵਿਚ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਗੈਰ-ਸਿਖਾਂ ਨੂੰ ਸਹਿਜਧਾਰੀ ਨਾਮ ਥੱਲੇ ਗਲਤ ਤੌਰ ਤੇ ਗੁਰਦੁਆਰਾ ਚੋਣਾਂ ਲਈ ਵੋਟਰ ਬਣਾਇਆ ਜਾ ਰਿਹਾ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਪ੍ਰਵਾਨ ਕਰਦਾ ਹੈ ਕਿ ਸਿੱਖ ਗੁਰਦੁਆਰਾ ਐਕਟ ਵਿਚ ਏਹੋ ਜੇਹੀਆਂ ਤਰਮੀਮਾਂ ਸਰਕਾਰ ਕੋਲੋਂ ਕਰਵਾਈਆਂ ਜਾਣ ਜਿਸ ਨਾਲ ਕੇਵਲ ਕੇਸਾਧਾਰੀ ਸਿੱਖ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲੋਕਲ ਕਮੇਟੀਆਂ ਦੇ ਵੋਟਰ ਬਣ ਸਕਣ।

ਇਹ ਵੀ ਵੇਖਣ ਵਿਚ ਆਇਆ ਹੈ ਕਿ ਕਈ ਕੇਸ ਦਾੜ੍ਹੀ ਕੱਟਣ ਵਾਲੇ ਪਤਿਤ ਤੇ ਨਾਮਧਰੀਕ ਸਿੱਖ ਵੀ ਗੁਰਦੁਆਰਿਆਂ ਦੇ ਵੋਟਰ ਬਣ ਜਾਂਦੇ ਹਨ, ਜਿਸ ਦੀ ਰੋਕ ਥਾਮ ਕਰਨੀ ਜ਼ਰੂਰੀ ਹੈ। ਇਸ ਲਈ ਸਿੱਖ ਗੁਰਦੁਆਰਾ ਐਕਟ ਵਿਚ ਇਹ ਤਰਮੀਮ ਕਰਵਾਈ ਜਾਵੇ ਕਿ ਚੋਣਾਂ ਸਮੇਂ ਪ੍ਰੀਜ਼ਾਈਡ ਕਰਨ ਵਾਲੇ ਅਫਸਰ ਨੂੰ ਅਧਿਕਾਰ ਹੋਵੇ ਕਿ ਉਹ ਕਿਸ੍ਰੇ ਰੋਮਾਂ ਦੀ ਬੇਅਦਬੀ ਕਰਨ ਵਾਲੇ ਪਤਿਤ ਨੂੰ ਵੋਟਾਂ ਪਾਉਣ ਦੀ ਆਗਿਆ ਨਾ ਦੇਵੇ ਅਤੇ ਏਹੋ ਜਿਹੇ ਵੋਟ ਪਾਉਣ ਵਾਲੇ ਵਿਅਕਤੀ ਨੂੰ ਉਹ ਹੀ ਸਜ਼ਾ ਦਿਤੀ ਜਾਵੇ ਜੋ ਕਿਸੇ ਜਾਹਲੀ ਵੋਟਰ ਨੂੰ ਦਿਤੀ ਜਾਂਦੀ ਹੈ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿ ਵੋਟਰ ਬਣਨ ਵੇਲੇ ਅਜਿਹੀ ਚੈਕਿੰਗ ਦਾ ਕੋਈ ਸਾਧਨ ਨਹੀਂ ਤੇ ਕਈ ਵੋਟਰ ਬਣਨ ਤੋਂ ਬਾਅਦ ਵੀ ਇਹ ਕੁਰਹਿਤ ਕਰ ਸਕਦੇ ਹਨ। ਇੰਨ ਬਿੰਨ ਇਹੋ ਜਹੇ ਵਿਚਾਰ ਇਸ ਬਾਰੇ ਮਸ਼ਹੂਰ ਪੱਤਰਕਾਰ ਖੁਸ਼ਵੰਤ ਸਿੰਘ ਨੇ ਵੀ ਆਪਣੀ ਪੁਸਤਕ


www.AKJ.Org

HISTORY OF THE SIKHS ਦੇ ਪੰਨਾ 305 ਤੇ ਕਰਦਿਆ ਦੱਸਿਆ ਹੈ :

.........It proves that the sense of elonging to the sikh community requires both the belief in the teachings of the Adi Granth and the observan-e of the Khalsa tradition initiated y Guru Gobind Singh; and that there is no such thing as a clean-shaven Sikhs- he is simply a Hindu believing in Sikhism.

(...... ਇੱਸ ਗੱਲ ਤੋਂ ਇਹ ਸਾਬਤ ਹੁੰਦਾ ਹੈ ਕਿ ਸਿੱਖ ਧਰਮ ਦਾ ਅੰਗ ਬਣੇ ਰਹਿਣ ਲਈ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਤੇ ਵਿਸ਼ਵਾਸ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਜਾਰੀ ਕੀਤੀਆਂ ਖਾਲਸਾਈ ਰਹ-ਰੀਤਾਂ ਦੀ ਪਾਲਣਾ ਜ਼ਰੂਰੀ ਹੈ ਅਤੇ 'ਕਲੀਨ ਸ਼ੇਵਨ' ਨਾਮ ਦੀ ਕੋਈ ਇਸ ਤਰਾਂ ਦਾ ਹੈ ਤਾਂ ਇਹ ਕੇਵਲ ਸਿੱਖ ਮੱਤ ਤੇ ਭਰੋਸਾ ਰੱਖਣ ਵਾਲਾ ਇਕ ਹਿੰਦੂ ਹੈ।)

ਇਸ ਗੱਲ ਨੂੰ ਅੱਗੇ ਤੋਰਦਿਆਂ, ਇਸੇ ਪੁਸਤਕ ਦੇ ਪੰਨਾ 308 ਤੇ ਖੁਸ਼ਵੰਤ ਸਿੰਘ ਨੇ ਲਿਖਿਆ ਹੈ.

The absorption of the sahajdhari Sikhs into the Hindu fold adds weight to the argument that there is no such thing as a clean-shaven sikh. At one time sahajdhari Sikhism was-as the meaning of the word signified, "those awho take time"-- the halfway house to the hirsute (keshadhari) form of Khalsa Sikhism. Now the process is reversed, and it has become a halfway house to Hinduism.

ਸਹਿਜਧਾਰੀਆਂ ਦੇ ਮੁੜ ਹਿੰਦੂ ਮਤ ਵਿਚ ਜਜ਼ਬ ਹੋ ਜਾਣ ਨਾਲ ਇਸ ਵਿਸ਼ਵਾਸ ਨੂੰ ਦ੍ਰਿੜਤਾ ਮਿਲਦੀ ਹੈ ਕਿ 'ਕਲੀਨ ਸ਼ੇਵਨ' ਨਾਮ ਦੀ ਕੋਈ ਚੀਜ਼ ਨਹੀਂ। ਕੋਈ ਸਮਾਂ ਸੀ ਜਦੋਕਿ ਸਹਿਜਧਾਰੀ ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ 'ਸਹਿਜੇ ਸਿਹਜੇ (hirsute) 'ਕੇਸਾਧਾਰੀ ਸਾਬਤ ਸੂਰਤ ਸਰੂਪ' ਸਿੱਖੀ ਵਿਚ ਸ਼ਾਮਲ ਹੋਣ'- ਯਾਨਿ ਕਿ ਖਾਲਸਾ ਪੰਥ ਵਿਚ ਪ੍ਰਵੇਸ਼ ਪ੍ਰਾਪਤ ਕਰਣ ਦੇ ਅੱਧ ਵਿਚ ਹੁੰਦੇ ਸਨ। ਪਰ ਹੁਣ ਇਹ ਅਮਲ ਉਲਟੇ ਰਾਹ ਤੁਰ ਪਿਆ ਹੈ ਅਤੇ ਇਹ ਹਿੰਦੂ ਮਤ ਵਿਚ ਸ਼ਾਮਲ ਹੋਣ ਦਾ ਅੱਧ ਹੈ।

ਜਿੱਥੇ ਸਾਰਾ ਵਾਤਾਵਰਣ, ਸਾਡਾ ਆਪਣਾ ਕਿਰਦਾਰ, ਆਚਰਣ ਅਤੇ ਵਿਵਹਾਰ ਸਿੱਖੀ ਦੇ ਵਾਧੇ ਵਿਚ ਰੁਕਾਵਟ ਬਣਦਾ ਨਜ਼ਰ ਆਉਂਦਾ ਹੈ ਉਥੇ ਅਕਾਲ ਪੁਰਖ ਦੀ ਅਗੰਮੀ ਕਲਾ ਅਤੇ ਅਲੌਕਿਕ ਬਖਸ਼ਿਸ਼ ਸਦਕਾ ਹਿੰਦੁਸਤਾਨ ਦੀ ਪਾਰਲੀਮੈਂਟ ਨੇ ੧੯੭੧ ਵਿੱਚ 'ਦਿੱਲੀ ਸਿੱਖ ਗੁਰਦੁਆਰਾ ਐਕਟ, ੧੯੭੧' ਰਾਹੀਂ ਸਿੱਖ ਦੀ ਜੋ ਸਪਸ਼ਟ ਪਰਿਭਾਸ਼ਾ ਦਿੱਤੀ ਹੈ ਉਹ ਦੇਸ਼ ਕਾਨੂੰਨ ਦੇ ਰੂਪ ਵਿਚ ਮੌਜੂਦ ਹੈ। ਇਸ ਅਨੁਸਾਰ ਕੇਸਾਂ ਦੀ ਬੇ-ਅਦਬੀ ਕਰਣ ਵਾਲਾਂ ਜਾਂ ਦੱਸ ਗੁਰੂ ਸਾਹਿਬਾਨ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਦੇਹਧਾਰੀ ਨੂੰ ਗੁਰੂ ਨੂੰ ਮੰਨਣ ਵਾਲਾ ਆਪਣੇ ਆਪ ਨੂੰ ਸਿੱਖ ਨਹੀਂ ਅਖਵਾ ਸਕਦਾ। ਪਰ ਸਿੱਖ ਹੋ ਕੇ ਕੇਸਾਂ ਨੂੰ ਕੱਟਣ ਜਾਂ ਮੁੰਨਣ ਵਾਲਾ ਸਹਿਜਧਾਰੀ ਜਾਂ 'ਗ਼ੈਰ ਸਿੱਖ' ਨਾ ਹੋ ਕੇ 'ਪਤਿਤ' apostate ਹੈ।

ਡਾਕਟਰ ਜਸਬੀਰ ਸਿੰਘ ਜੀ ਆਹਲੂਵਾਲੀਆਂ ਜਾਂ ਦਾਲਮ ਕਮੇਟੀ ਅਤੇ ਹੋਰ ਕਈ ਥਾਵਾਂ ਤੇ ਇਹ ਗੱਲ ਬੜੇ ਜ਼ੋਰ ਸ਼ੋਰ ਨਾਲ ਕਹੀ ਜਾ ਰਹੀ ਹੈ ਕਿ ਸਹਿਜਧਾਰੀਆਂ ਜਾਂ ਪਤਿਤਾਂ ਨੂੰ ਵੋਟਰ ਬਣੇ ਦੇਣਾ ਚਾਹੀਦਾ ਹੈ ਇਸ ਨਾਲ ਹਿੰਦੂ-ਸਿੱਖ ਏਕਤਾ ਕਾਇਮ ਹੋਏਗੀ। ਜੇਕਰ ਤਾਂ ਸਹਿਜਧਾਰੀ ਸਿੱਖ ਪੰਥ ਦਾ ਹੀ ਹਿੱਸਾ ਹਨ ਅਤੇ ਹਿੰਦੂ ਨਹੀਂ ਹਨ ਤਾਂ ਫਿਰ ਇਹਨਾਂ ਦੇ ਵੋਟਰ ਬਣਨ ਜਾਂ ਨਾਂ ਬਨਣ ਨਾਲ ਹਿੰਦੂ-ਸਿੱਖ ਏਕਤਾ ਤੇ ਕਿਸ ਤਰਾਂ ਅਸਰ ਪਵੇਗਾ। ਅਤੇ ਜੇਕਰ ਇਹ ਸਿੱਖ ਨਹੀਂ ਬਲਕਿ ਹਿੰਦੂ ਹਨ ਤਾਂ ਫਿਰ ਗੈਰ ਸਿੱਖ ਨੂੰ ਗੁਰਦੁਆਰਿਆਂ ਦੇ ਪ੍ਰਬੰਧਕ ਕਿਸ ਤਰਾਂ ਬਣਾਇਆ ਜਾ ਸਕਦਾ ਹੈ? ਇਸ ਨਾਲ ਜੇਕਰ ਸਹਿਜਧਾਰੀਆਂ ਦੇ ਵੋਟਰ ਬਣਨ ਨਾਲ ਹੀ ਹਿੰਦੂ-ਸਿੱਖ ਏਕਤਾ ਕਾਇਮ ਹੋ ਸਕਦੀ ਹੈ ਤਾਂ ਫਿਰ ਸਿੱਖ-ਮੁਸਲਿਮ-ਈਸਾਈ ਨਾਸਤਿਕ ਏਕਤਾ ਲਈ ਕੀ ਇਹਨਾਂ ਨੂੰ ਵੀ ਪ੍ਰਬੰਧਕ ਬਣਾਇਆ ਜਾਵੇਗਾ?

ਇਕ ਹੋਰ ਥਾਂ ਸਿਆਣੀ ਸੁਲਝੀ ਹੋਈ ਰਾਇ ਦਿੱਤੀ ਜਾ ਰਹੀ ਹੈ ਕਿ ਪਤਿਤਾਂ ਨੂੰ ਵੋਟਰ ਦੇ ਦਾਇਰੇ


www.AKJ.Org

ਤਾਂ ਤੇ ਫਿਰ ਇਸ ਤਰਾਂ ਦੀ ਹੀ ਛੋਟ ਦੇ ਦੇਣ ਨਾਲ ਸਿੱਖਾਂ ਦੀ ਗਿਣਤੀ ਸਾਂਭੀ ਹੀ ਨਹੀਂ ਜਾਣੀ। ਦਰਅਸਲ ਸਹਿਜਧਾਰੀਆਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੇਵਲ 'ਪਤਿਤਾਂ' ਜਾਂ ਗੈਰ ਸਿੱਖਾਂ' ਨੂੰ ਵੋਟਰ ਬਣਾ ਕੇ 'ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ' ਖਾਲਸਾ ਜੀ ਤੋਂ ਖੋਹਣ ਦੀ ਸਾਜਿਜ਼ ਅਤੇ ਕੋਸ਼ਿਸ਼ ਹੈ।

ਇੱਥੇ ਇਹ ਗੱਲ ਵਿਚਾਰਨ ਵਾਲੀ ਹੈ ਕਿ ਕੇਸਾ ਧਾਰੀ ਹੋਕੇ ਕੇਸ ਕਟਾਣ ਵਾਲਾ ਸਹਿਜਧਾਰੀ ਨਹੀਂ ਹੈ ਬਲਕਿ ਉਸ ਲਈ ਸਿੱਖ ਰਹਿਤਨਾਮਿਆਂ ਵਿਚ ਉਪਾਧੀਆਂ, ਸਿਰਗੁੰਮ, ਸਿਰਘੁੱਸਾ, ਪਤਿਤ ਹਨ। ਇਸ ਬਾਬਤ ਸ਼੍ਰੋਮਣੀ ਕਮੇਟੀ ਨੇ ਵੱਖ ਵੱਖ ਸਮਿਆਂ ਵਿਚ ਖਾਲਸਾ ਸਕੂਲਾਂ, ਫੌਜ, ਪੁਲਿਸ, ਸਰਕਾਰੀ ਮੁਲਾਜ਼ਮਤਾਂ, ਰਾਜਿਆਂ ਮਹਾਰਜਿਆਂ ਆਦਿ ਦੇ ਵੀ ਪਤਿਤ ਹੋਣ ਦੀ ਸੂਰਤ ਵਿਚ ਉਹਨਾ ਦੇ ਖਿਲਾਫ ਆਵਾਜ਼ ਉਠਾਈ ਸੀ ਪਰ ਅੱਜ ਸ਼੍ਰੋਮਣੀ ਕਮੇਟੀ ਵਿਚ ਹੀ ਪਤਿਤਾ ਨੂੰ ਵਾੜਣ ਦੀਆਂ ਸਾਜ਼ਸ਼ਾਂ ਘੜੀਆਂ ਜਾ ਰਹੀਆਂ ਹਨ। ਇਸ ਪ੍ਰਥਾਇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਣੇ ਮਤੇ ਬਹੁਤ ਮਹੱਤਵਪੂਰਨ ਹਨ ਅਤੇ ਕੋਈ ਵੀ ਨਿਰਣਾ ਲੈਣ ਤੋਂ ਪਹਿਲਾਂ ਇਹਨਾਂ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ:

ਇਹ ਸਮਾਗਮ ਸਰਕਾਰ ਹਿੰਦ ਪਰ ਜ਼ੋਰ ਪਾਉਂਦਾ ਹੈ ਕਿ ਅੱਗੇ ਲਈ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਪੂਰਥਲਾ, ਕਲਸੀਆਂ ਦੇ ਤਖ਼ਤ ਪਰ ਕੋਈ ਕੇਸ਼ਹੀਨ ਤੇ ਗੈਰ-ਅੰਮ੍ਰਿਤਧਾਰੀ ਤਖ਼ਤ ਨਸ਼ੀਨ ਨਾ ਹੋਵੇ ਅਤੇ ਤਖ਼ਤ ਨਸ਼ੀਨ ਹੋਣ ਉਪਰੰਤ ਪਤਿਤ ਹੋ ਜਾਣ ਦੀ ਸ਼ਕਲ ਵਿਚ ਤਖ਼ਤ ਤੇ ਨਾ ਰਹਿ ਸਕੇ।

(ਜਨਰਲ ਇਕੱਤ੍ਰਤਾ 10 ਮਾਰਚ, 1938)

ਪ੍ਰਵਾਨ ਹੋਇਆ ਕਿ ਸਾਰੇ ਸਿੱਖ ਰਿਆਸਤਾਂ ਦੇ ਮਹਾਰਾਜੇ ਅੰਮ੍ਰਿਤਧਾਰੀ ਸਿੱਖ ਹੋਣੇ ਚਾਹੀਦੇ ਹਨ ਤੇ ਕੋਈ ਪਤਿਤ ਸਿੱਖ ਰਿਆਸਤ ਦੀ ਗੱਦੀ ਤੇ ਨਹੀਂ ਹੋਣਾ ਚਾਹੀਦਾ, ਇਸ ਲਈ ਇਹ ਇਕਤ੍ਰਤਾ ਪੰਥ ਪਾਸ ਅਪੀਲ ਕਰਦੀ ਹੈ ਕਿ ਇਸ ਆਵਾਜ਼ ਨੂੰ ਜਾਰੀ ਰੱਖਿਆ ਜਾਵੇ। ਨਾਲ ਹੀ ਇਹ ਇਕਤ੍ਰਤਾ ਅਤ੍ਰਿਗ ਕਮੇਟੀ ਨੂੰ ਇਸ ਸਿਲਸਿਲੇ ਵਿਚ ਮੁਨਾਸਿਬ ਕਾਰਵਾਈ ਕਰਨ ਦਾ ਅਧਿਕਾਰ ਦੇਂਦੀ ਹੈ।

(ਜਨਰਲ ਇਕੱਤ੍ਰਤਾ ੧੨ ਫਰਵਰੀ, 1940)

ਫੇਰ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਪੰਜਾਬ ਸਰਕਾਰ ਪਾਸੋਂ ਇਹ ਮੰਗ ਕਰਦਾ ਹੈ ਕਿ ਮਹਿਕਮਾ ਪੁਲਿਸ ਵਿਚ ਭਰਤੀ ਹੋਏ ਸਿੱਖ ਨੌਜਵਾਨਾ ਨੂੰ ਵੀ ਸਿੱਖ ਰੂਲਜ਼ ਆਫ਼ ਕੰਡਕਟ ( ਸਿੱਖੀ ਰਹਿਤ ਬਹਿਤ) ਉਸੇ ਤਰਾਂ ਔਬਜ਼ਰਵ ਕਰਾਈ ਜਾਵੇ ਜਿਸ ਤਰ੍ਹਾਂ ਕਿ ਮਹਿਕਮਾ ਫ਼ੌਜ ਵਿਚ ਭਰਤੀ ਸਿੱਖਾਂ ਨੂੰ ਕਰਵਾਈ ਜਾਂਦੀ ਹੈ। ਇਸੇ ਤਰਾਂ ਕਰਨ ਨਾਲ ਉਹ ਚੰਗੇ ਪੁਲਿਸ ਮੈਨ ਵੀ ਸਾਬਤ ਹੋਣਗੇ ਤੇ ਸਿੱਖ ਨੁਕਤਾ ਨਿਗਾਹ ਅਨੁਸਾਰ ਉਨ੍ਹਾਂ ਤੇ ਕੋਈ ਧਾਰਮਿਕ ਇਤਰਾਜ਼ ਵੀ ਨਹੀਂ ਹੋਵੇਗਾ।

(ਜਨਰਲ ਇਕੱਤ੍ਰਤਾ ੨੬ ਅਕਤੂਬਰ, 1941)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਇਜਲਾਸ ਸਾਰੀਆਂ ਸਿੱਖ ਦਰਸਗਾਹਾਂ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਕਈ ਸਿੱਖ ਵਿਦਿਆਰਥੀ ਦਾੜ੍ਹੇ ਤੇ ਕੇਸਾਂ ਦੀ ਬੇਅਦਬੀ ਕਰ ਰਹੇ ਹਨ ਜਿਸ ਕਰਕੇ ਸਾਰੇ ਸਿੱਖੀ ਚਲਣ ਉਤੇ ਮਾੜਾ ਅਸਰ ਪੈਂਦਾ ਹੈ। ਇਸ ਦੀ ਰੋਕ ਥਾਮ ਸਖਤੀ ਨਾਲ ਕਰਨ ਦੀ ਲੋੜ ਹੈ। ਇਸ ਲਈ ਜੋ ਸਿੱਖ ਵਿਦਿਆਰਥੀ ਸਿੱਖ ਅਦਾਰਿਆਂ ਵਿਚ ਅਜਿਹੀ ਗਲਤੀ ਕਰੇ ਉਸ ਨੂੰ ਦਰਸਗਾਹ ਤੋਂ ਕੱਢ ਦਿੱਤਾ ਜਾਵੇ।

(ਜਨਰਲ ਇਕੱਤ੍ਰਤਾ 10 ਮਾਰਚ, 1945)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਭਾਰਤ ਦੀਆਂ ਫੌਜਾਂ ਵਿਚ ਭਰਤੀ ਹੋ ਕੇ ਦੇਸ਼ ਦੀ ਰਖਿਆ ਅਤੇ ਸ਼ਾਨ ਨੂੰ ਉਚਿਆਂ ਕਰਨ ਲਈ ਕੁਰਬਾਨੀਆਂ ਕਰਨ ਅਤੇ ਪੰਥ ਦਾ ਨਾਮ ਰੋਸ਼ਨ ਕਰਨ ਵਾਲੇ ਬਹਾਦਰ ਸਿੱਖ ਨੌਜਵਾਨਾਂ ਦੀਆਂ ਕਮਾਈਆਂ ਅਤੇ ਘਾਲਣਾ ਤੇ ਮਾਣ ਕਰਦਾ ਹੈ ਅਤੇ ਉਨ੍ਹਾਂ ਨੂੰ ਪ੍ਰੇਰਨਾ ਕਰਦਾ ਹੈ ਕਿ ਉਹ ਸਿੱਖ ਰਹੁ-ਰੀਤੀ ਵਿਚ ਪੱਕੇ ਤੇ ਪੂਰਨ ਗੁਰਸਿੱਖਾਂ ਦੇ ਗੁਣਾਂ ਦੇ ਧਾਰਨ ਰਹਿਣ ਤਾਂ ਜੋ ਦੇਸ਼ ਅਤੇ ਕੌਮ ਦੀ ਸੱਚੇ ਉਤਸ਼ਾਹ ਨਾਲ ਸੇਵਾ ਕਰ ਸਕਣ।



www.AKJ.Org

ਇਹ ਸਮਾਗਮ ਭਾਰਤ ਸਰਕਾਰ ਨੂੰ ਚਿਤਾਵਨੀ ਦਿੰਦਾ ਹੈ ਕਿ ਸਿੱਖਾਂ ਦੀ ਫੌਜੀ ਵਡਿਆਈ ਦਾ ਨਿਰਭਰ ਉਨ੍ਹਾਂ ਪੁਰਾਣੀਆਂ ਰਵਾਇਤਾਂ, ਸਿੱਖੀ ਜੀਵਨ ਅਤੇ ਸਿੱਖੀ-ਰਹਿਤ ਮਰਯਾਦਾ ਤੇ ਹੈ, ਇਸ ਦਾ ਕਾਇਮ ਰਖਣਾ ਉਸ ਦੇ ਅੰਦਰ ਸੱਚੀ ਦੇਸ਼ ਭਗਤੀ ਤੇ ਸੇਵਾ ਸਪਿਰਟ ਪੈਦਾ ਕਰਨ ਲਈ ਅੱਤਅੰਤ ਜ਼ਰੂਰੀ ਹੈ। ਇਸ ਲਈ ਇਹ ਸਮਾਗਮ ਭਾਰਤ ਸਰਕਾਰ ਤੋ) ਪੁਰਜ਼ੋਰ ਮੰਗ ਕਰਦਾ ਹੈ ਕਿ ਜਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇ ਸਮੇਂ ਅਤੇ ਸੈਕੂਲਰ ਰਾਜ ਦੇ ਬਾਨੀ-ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੇ ਦੇ ਸਮੇਂ ਫੌਜਾਂ ਵਿਚ ਭਰਤੀ ਹੋਏ ਹਰ ਕੇਸਾਧਾਰੀ ਸਿੱਖ ਲਈ ਕੇਸ ਦਾੜ੍ਹੀ ਰਖਣਾ ਅਤੇ ਸਿੱਖ ਰਹਿਤ ਮਰਯਾਦਾ ਵਿਚ ਪੱਕੇ ਰਹਿਣਾ ਜ਼ਰੂਰੀ ਸੀ, ਉਸੇ ਤਰ੍ਹਾਂ ਹੁਣ ਭੀ ਭਰਤੀ ਹੋਏ ਸਿੱਖ ਅਫਸਰ ਅਤੇ ਸਿਪਾਹੀ ਲਈ ਸਿੱਖੀ ਰਹਿਤ ਮਰਯਾਦਾ ਦਾ ਪਾਬੰਦੀ ਲਾਜ਼ਮੀ ਕੀਤੀ ਜਾਵੇ ਅਤੇ ਜਿਸ ਕਿਸੇ ਨੇ ਕਿਤੇ ਢਿਲ ਕੀਤੀ ਹੋਵੇ, ਉਹ ਢਿਲ ਦੂਰ ਕਰਾਈ ਜਾਵੇ। (ਜਨਰਲ ਇਕੱਤ੍ਰਤਾ 13 ਮਾਰਖ, 1965)

ਅੰਗਰੇਜ਼ਾਂ ਨੇ ਪੰਜਾਬ ਨੂੰ ਬਾਕਾਇਦਾ ਤੌਰ ਦੇ ਮਾਰਚ ੧੮੪੯ ਵਿਚ ਆਪਣੇ ਕਬਜ਼ੇ ਅਧੀਨ ਲਿਆ। ੧੮੫੯ ਤਕ ਅੰਗਰੇਜ਼ਾਂ ਨੇ ਸਿਧੇ ਤੌਰ ਤੇ ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਰਖਿਆ ਪਰ ੧੫, ਤਸੰਬਰ ੧੮੫੯ ਨੂੰ ਦਰਬਾਰ ਸਾਹਿਬ ਲਈ ਪ੍ਰਬੰਧਕੀ ਪਰਚਾ 'ਦਸਤੂਰਲ-ਅਮਲ' ਪ੍ਰਮੁਖ ਸਿੱਖ ਦੀ ਰਜ਼ਾ ਮੰਦੀ ਨਾਲ ਤੇ ਪਾਇਆ ਗਿਆ। ਉਸ ਵਿਚ ਅੰਕਤ ਹੈ, 'ਸਾਰੇ ਵਿਸ਼ੇ ਨੂੰ ਚੰਗੀ ਤਰਾਂ ਘੋਖਣ ਤੋਂ ਬਾਦ ਇਹ ਸਪਸ਼ਟ ਹੈ ਕਿ ਦਰਬਾਰ ਸਾਹਿਬ ਦੀ ਮਲਕੀਅਤ ਕੇਵਲ ਅਤੇ ਕੇਵਲ ਗੁਰੂ ਰਾਮ ਦਾਸ ਦੀ ਹੈ, ਕਿਸੇ ਹੋਰ ਵਿਅਕਤੀ ਦਾ ਦਾਅਵਾ ਜਾ ਮਲਕੀਅਤ ਨਹੀਂ ਹੈ ਗੁਰੂ ਰਾਮ ਦਾਸ ਦੀ ਵਿਰਾਸਤ ਜਾਂ ਚੇਲੇ ਹੋਣ ਦਾ ਦਾਅਵਾ ਸਮੂਹ ਖਾਲਸਾ ਪੰਥ ਨੂੰ ਹੈ, ਪੁਜਾਰੀ ਜਾਂ ਹੋਰ ਆਪਣਾ ਮਿਹਨਤਾਨਾ ਉਜਰਤ ਵਜੋਂ ਵਸੂਲ ਕਰਦੇ ਹਨ।' ਸੋ ਗੁਰਦੁਆਰਾ ਸਾਹਿਬਾਨ ਦੇ ਸੇਵਾ ਸੰਭਾਲ ਦਾ ਹੱਕ ਅਤੇ ਫਰਜ਼ ਖਾਲਸਾ ਪੰਥ ਦਾ ਹੈ। ਇਸ ਲਈ ਸਹਿਜਧਾਰੀ ਦੀ ਮੱਦ ਨੂੰ ਐਕਟ ਵਿਚੋਂ ਕੱਟਣ ਦੀ ਤਜਵੀਜ਼ ਸ਼ਲਾਘਾਯੋਗ ਹੈ ਅਤੇ ਅਮਲ ਵਿਚ ਲਿਆਂਦੀ ਜਾਣੀ ਚਾਹੀਦੀ ਹੈ। ਅਲਬੱਤਾ ਸਹੀ ਸਹਿਜਧਾਰੀ ਅਤੇ ਹੋਰ ਜਿਹਨਾਂ ਦੀ ਨੁਮਾਇਦੰਗੀ ਚੋਣਾਂ ਰਾਹੀਂ ਨਹੀਂ ਹੋ ਸਕਦੀ ਉਹਨਾਂ ਨੂੰ ਕੋ-ਆਪਸ਼ਨ ਜਾਂ ਨਾਮਜ਼ਦਗੀ ਦੇ ਜ਼ਰੀਏ ਮੈਂਬਰ ਬਣਾਇਆ ਜਾ ਸਕਦਾ ਹੈ। ———

(ਪੰਨਾ ੫ ਦਾ ਬਾਕੀ ..)

- ਹਾਕਮ ਬਣ ਕਿਸੇ 'ਤੇ ਰੁਅਬ ਨਾ ਪਾਓ।
- ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ 'ਤੇ ਕੁਹਾੜਾ ਮਾਰਨ ਤੁੱਲ ਹੈ।
- ਰਾਤ ਨੂੰ ਸੌਣ ਵੇਲੇ ਮਹੱਲਾ ਦੇ ਦਰਵਾਜ਼ੇ ਖਿੜਕੀਆਂ ਬੰਦ ਕਰ ਕੇ ਹਰਮਾਂ ਵਿਚ ਇਸ ਤਰ੍ਹਾਂ ਅਵੇਸਲੇ ਨਾ ਸੁੱਤੇ ਰਹੋ ਕਿ ਕਿਸੇ ਦੁਖੀ-ਦੀਨ ਦੀ ਆਵਾਜ਼ ਹੀ ਕੰਨੀ ਨਾ ਪਵੇ।

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਸਮੁੱਚੀ ਸ਼ਖਸੀਅਤ ਬਾਰੇ ਬਹੁਤ ਢੁੱਕਵਾਂ ਲਿਖਿਆ ਹੈ ਕਿ ਜਿਹੜੀ ਗੱਲ ਉਨ੍ਹਾਂ ਦੀ ਅੰਤਰ ਆਤਮਾ ਮੰਨਦੀ ਸੀ ਤੇ ਦੂਜਿਆਂ ਨੂੰ ਕਹਿਣੀ ਹੁੰਦੀ ਸੀ, ਪਹਿਲਾਂ ਉਸ ਨੂੰ ਆਪਣੇ 'ਤੇ ਫੌਜੀ ਜ਼ਬਤ ਵਾਂਗੂੰ ਲਾਗੂ ਕਰਦੇ।

ਉਹ ਕਰਤਾ ਸਨ, ਉਨ੍ਹਾਂ ਸਾਰੀ ਜ਼ਿੰਦਗੀ ਕੋਈ ਫੁੱਲ ਪੁੱਟਿਆ ਨਹੀਂ, ਲਾਉਂਦੇ ਹੀ ਰਹੇ। ਭਾਈ ਨੰਦ ਲਾਲ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਇਸ ਲਿਖਤ ਨੂੰ ਸਮਾਪਤ ਕਰਨਾ ਹੈ ਕਿ

'ਗੁਰੂ ਕਰਤਾ ਹਰਿ ਰਾਇ', ਸੱਚ ਦੇ ਪਾਲਣਹਾਰ ਵੀ ਹਨ ਤੇ ਸੱਚ ਦੇ ਧਾਰਨੀ ਵੀ।

ਸੁਲਤਾਨ ਵੀ ਹਨ, ਦਰਵੇਸ਼ ਵੀ। ਗੁਰੂ ਕਰਤਾ ਹਰਿ ਰਾਇ ਲੋਕ ਪ੍ਰਲੋਕ ਦੋਹਾਂ ਜਹਾਨਾਂ ਦੇ ਸਰਦਾਰ ਹਨ। ਦਰਗਾਹ ਦੇ ਪਿਆਰੇ ਹਨ ਗੁਰੂ ਹਰਿ ਰਾਇ।

ਉਨ੍ਹਾਂ ਦਾ ਨਾਮ ਸਖਾਵਤ ਦਾ ਸੂਚਕ ਹੈ। ਸਾਧਾਂ ਲਈ ਅਮਰ ਰਸ ਹੈ। ਗੁਰੂ ਕਰਤਾ ਹਰਿ ਰਾਇ ਜੀ ਦੇ ਵਾਕਾਂ 'ਤੇ ਤੁਰਿਆਂ ਸੱਚ ਦੀ ਪਾਤਸ਼ਾਹੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਹਰਿ ਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦੇ ਸਹਾਰਾ ਹਨ':

"ਯਾਰਿ ਮੁਤਜ਼ਰੱਆਂ ਗੁਰ ਕਰਤਾ ਹਰਿ ਰਾਇ।੩'



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਜਨਵਰੀ 2000 ਦੇਖੋ

## ੨੫ ਕਰਨੀ ਕੀਰਤਿ-ਹਰਿ ਕੀਰਤਿ ਕਰਮ

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥
ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਮਾਉ॥੨॥

(ਸਿਰੀ ਰਾਗ ਮ: ੪ ਵਣਜਾਰਾ, ਪੰਨਾ ੮੨)

ਗੁਰੂ ਘਰ ਦੇ ਗੁਰਮੁਖਿ ਸੰਤ ਜਨਾਂ ਸਿਖਾਂ ਭਾਈਆਂ (ਸੁਨਹਿਰੀਏ ਸਿੰਘ)ਬਿਨਾਂ ਹੋਰ ਕਿਸੇ ਨਿਗੁਰੇ ਨਿਗੋਸਾਏਂ ਨਰ ਨੂੰ ਨਾਮ ਦੀ (ਗੁਰਮਤਿ ਨਾਮ ਦੀ) ਪ੍ਰਾਪਤੀ ਨਹੀਂ ਹੁੰਦੀ। ਗੁਰੂ ਘਰ ਦੀ ਮਰਯਾਦਾ ਅਨੁਸਾਰ ਜਿਨ੍ਹਾਂ ਨੇ ਇਕੈ ਅੰਮ੍ਰਿਤ ਦੇ ਬਾਟੇ (ਸੁਨਹਿਰੇ ਧਰੇ ਬਾਟੇ) ਵਿਚੋਂ ਖੰਡੇ ਦਾ ਅੰਮ੍ਰਿਤ ਛਕਿਆ ਹੈ, ਸੋ ਸੁਨਹਿਰੀਏ ਸਿੰਘ ਭਰਾ (ਸਕੇ ਤੋਂ ਸਕੇ ਭਾਈ) ਕਹਾਉਂਦੇ ਹਨ। ਗੁਰੂ ਘਰ ਦੇ ਗੁਰਮਤਿ ਬੋਲਿਆਂ ਵਿਚ ਤਿਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਭਰਾਵਾਂ ਸ੍ਰੇਸ਼ਟ ਸੰਤਾਂ ਵੀਰਾ ਗੁਰਮੁਖਾਂ ਨੂੰ ਹੀ ਗੁਰਮਤਿ ਨਾਮ ਦੀ ਦਾਤਿ-ਦੀਖਿਆ ਮਿਲਦੀ ਹੈਂ, ਹੋਰ ਕਿਸੇ ਨੂੰ ਨਹੀਂ ਮਿਲਦੀ। ਤਿਸ ਦਾਤਿ-ਪ੍ਰਾਪਤੀ ਬਿਨਾਂ ਸਭ ਨਿਗੁਰੇ ਨਿਗੋਸਾਏਂ ਹਨ। ਓਹਨਾਂ ਨੂੰ ਨਾਮ ਅਭਿਆਸ ਕਮਾਈ ਵਾਲੀ ਸਚੜੀ ਦਾਤਿ ਇਲਾਹੀ ਨਹੀਂ ਮਿਲਦੀ। ਓਹਨਾਂ ਦਾ ਗੁਰੂ ਪੀਰ ਗੁਸਾਈਂ ਖਸਮ ਕੋਈ ਨਹੀਂ ਹੁੰਦਾ। ਓਹ ਨਿਖਸਮੇ ਆਪਣੀ ਹਉਮੈ ਵਿਚ ਮਤੇ ਹੋਏ ਹੀ ਹੋਰ ਹੋਰ ਕਰਮ ਕਮਾਉਂਦੇ ਹਨ। ਜਿਹੜੇ ਮਨਮੁਖ ਨਿਗੁਰੇ ਮਾਨੁਖ ਆਪਣੀ ਹਉਮੈ ਦੇ ਗ੍ਰਸੇ ਹੋਏ ਹੀ ਆਪ-ਹੁਦਰੇ ਕਰਮ ਕਮਾਉਂਦੇ ਹਨ ਓਹ ਬੇਸਵਾ ਦੇ ਪੁਤ ਵਾਂਗੂੰ ਵਲਦੀਅਤ ਤੋਂ ਬੇਨਾਮੇ (ਵਾਲਦ ਤੇ ਕੁਲ ਦੇ ਨਾਮ ਤੋਂ ਬਿਨਾਂ) ਹੀ ਹੁੰਦੇ ਹਨ। ਪਿਤਾ ਦੀ ਕੁਲ ਦੇ ਤਦ ਹੋਈਦਾ ਹੈ ਜੇ ਗੁਰੂ ਤੂਠਾ ਆਪਣੀ ਨਦਰ ਮੇਹਰ ਕਰੇ। ਉਸ ਦੀ ਨਦਰਿ ਮੇਹਰ ਹੋਈ ਤੇ, ਗੁਰੂ ਦਾ ਅੰਮ੍ਰਿਤ ਛਕੇ ਤੇ ਗੁਰੂ ਦਾ ਬਣੀਦਾ ਹੈ। ਸਾਰੇ ਅੰਮ੍ਰਿਤ-ਧਾਰੀਆਂ ਭਰਾਵਾਂ ਦਾ ਇਕੋ ਗੁਰੂ ਅੰਮ੍ਰਿਤੇਸ਼ ਕਲਗੀਧਰ ਹੀ ਗੁਰ ਪਿਤਾ ਹੋ ਜਾਂਦਾ ਹੈ।

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ . . .॥੧॥

(ਸੋਰਠਿ ਮ: ੫, ਪੰਨਾ ੬੧੧)

ਇਉਂ ਅੰਮ੍ਰਿਤਧਾਰੀ ਅੰਮ੍ਰਿਤ ਬਾਟੇ ਦੇ ਸਾਂਝੀਵਾਲ ਹੋ ਕੇ ਇਨ੍ਹਾਂ ਵਡਿਭਾਗੀਆਂ ਨੇ ਗੁਰੂ ਧਾਰਨ ਕੀਤਾ ਹੈ ਅਤੇ ਸੱਚੇ ਸਤਿਗੁਰੂ ਨੂੰ ਪਰਤੱਖ ਸਾਖਸ਼ਾਤਕਰਤਾ ਅੰਦਰ ਪ੍ਰਾਪਤ ਕੀਤਾ ਹੈ। ਤਿਨ੍ਹਾਂ ਗੁਰ-ਦੀਖਸ਼ਤ ਗੁਰਮੁਖਾਂ ਦਾ ਹੀ ਵਾਹਿਗੁਰੂ ਨਾਮ ਨਾਲਿ ਸੱਚੀ ਸ਼ਰਧਾ ਸਿਦਕ ਭਰੋਸੇ ਵਾਲਾ ਭਾਉ ਲਗਾ ਹੈ ਅਤੇ ਤਿਨ੍ਹਾਂ ਗੁਰ ਭਾਈਆਂ ਦਾ ਹੀ ਪ੍ਰਸਪਰੀ ਸੱਚਾ ਪ੍ਰੇਮ ਨਾਤਾ ਗੰਢਿਆ ਗਿਆ ਹੈ ਜੋ ਤੋੜ ਤਾਂਈ ਨਿਭੇਗਾ, ਐਥੇ ਓਥੇ ਲੋਕ ਪਰਲੋਕ ਵਿਖੇ ਨਿਭੇਗਾ। ਤਿੰਨ੍ਹਾਂ ਅਹਿਨਿਸ ਨਾਮ-ਜਪੀਸ਼ਰਾ, ਜੋਤਿ ਸੁਰਤੀਸ਼ਰਾਂ, ਸੁਰਤਿ ਜੋਤੀਸ਼ਰਾਂ, ਗੁਰਮੁਖ ਜੋਗੀਸ਼ਰਾਂ, ਗੁਰੂ ਨਾਨਕ ਦਸਮੇਸ਼ ਦੇ ਘਰ ਦੇ ਸਿੰਘ ਅੰਮ੍ਰਤੀਸ਼ਰਾਂ ਨੇ ਹੀ ਸੱਚੇ ਬ੍ਰਹਮ ਪਾਰਬ੍ਰਹਮ ਨੂੰ ਤੱਤ-ਲਖਤਾ ਦੇ ਜੋਤਿ ਚਾਨਣੇ ਵਾਲੀ ਸੱਚੀ ਰੌਸ਼ਨੀ ਵਿਚਿ ਸਤਿ ਕਰ ਕੇ ਜਾਣਿਆ ਪਛਾਣਿਆ ਹੈ।ਉਹ ਫੇਰ ਸੱਚ ਦੀ ਇਸੇ ਆਤਮ-ਰੰਗਾਂ ਵਾਲੀ ਬਿਵਸਥਾ ਨੂੰ ਪ੍ਰਾਪਤਿ ਹੋ ਕੇ ਪ੍ਰੇਮ ਵਿਚਿ ਹਰਿ ਕੀਰਤਿ ਕਰਮ ਕਮਾਉਂਦੇ ਹਨ। ਤਿਨ੍ਹਾਂ ਦਾ ਹਰਿ-ਕੀਰਤਨ-ਕਰਮੁ ਕਮਾਇਆ ਹੀ ਕਲਜੁਗ ਦਾ ਸੱਚਾ ਧਰਮ ਹੈ। ਸੁਣਨ-ਹਾਰੇ ਕਲਜੁਗੀ ਜੀਵਾਂ ਦੇ ਉਧਾਰਨ ਨਿਸਤਾਰਨ ਲਈ ਸਹਾਈ ਹੈ। ਨਿਰੋਲ ਗੁਰਬਾਣੀ ਦਾ ਨਿਰਬਾਣ ਅਤੇ ਅਖੰਡ ਕੀਰਤਨ ਹੀ ਸੱਚਾ ਗੁਰਮਤਿ-ਕੀਰਤੁ-ਕਰਮ ਹੈ। ਇਹੀ ਸਿਫਤਿ ਸਾਲਾਹੀ ਹਰਿ ਜਸ ਹਰਿ ਗੁਣ ਗਾਹੀ ਇਲਾਹੀ ਕੀਰਤਨ ਕਰਮ



www.AKJ.Org

ਹੈ ਜੋ ਗੁਰੂ ਦੇ ਵਰੋਸਾਏ ਅਨਿੰਨ ਗੁਰਸਿਖ ਗਾਵੰਦੇ ਕਮਾਵੰਦੇ ਹਨ।

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖ ਪਾਏ ਮੋਖ ਦੁਆਰੁ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਿਲ ਬੁਲਾਵਣਿਆ॥੭॥
ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥

॥੯॥੧੦॥(ਮਾਝ ਮ: ੩, ਪੰਨਾ ੧੧੫)

ਵਿਆਖਿਆ :- ਹਰਿ ਗੁਣ ਗਾਵਣੀ ਸਿਫਤਿ ਸਾਲਾਹ, ਸਿਫਤਿ ਸਾਲਾਹੀ ਗੁਰਬਾਣੀ ਰੂਪੀ ਨਿਰਬਾਣ ਹਰੀ ਕੀਰਤਿ ਹੀ ਗੁਰਮੁਖਾਂ ਦੀ ਸ੍ਰੇਸ਼ਟ ਸਾਰ ਸਰਬੋਤਮ ਕਰਨੀ ਹੈ। ਇਸ ਸਾਰ ਹਰਿ ਕੀਰਤਿ ਕਰਨੀ ਦੁਆਰਾ ਗੁਰਮੁਖਾਂ ਨੂੰ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਜੋ ਗੁਰਮੁਖ ਜਨ ਦਿਨ ਰਾਤ ਵਾਹਿਗੁਰੂ ਦੇ ਰੰਗਾਂ ਵਿਚਿ ਰੱਤਾ ਹੋਇਆ ਗੁਣ ਗਾਂਵਦਾ ਹੈ, ਗੁਰਬਾਣੀ ਰੂਪੀ ਹਰੀ ਜਸ ਦਾ ਕੀਰਤਨ ਕਰਦਾ ਹੈ, ਉਹ ਨਿਤਾਪ੍ਰਤੀ ਵਾਹਿਗੁਰੂ ਦੀ ਖ਼ਾਸ ਹਜ਼ੂਰੀ ਵਿਚਿ, ਵਾਹਿਗੁਰੂ ਦੇ ਸਚਖੰਡੀ ਦਰਬਾਰ ਵਿਚਿ ਬੁਲਾਇਆ ਜਾਂਦਾ ਹੈ। ਐਥੇ ਇਸ ਲੋਕ ਵਿਚਿ ਰਹਿੰਦਾ ਹੋਇਆ ਅਤੇ ਪਰਲੋਕ ਪਧਾਰ ਕੇ ਭੀ ਉਸ ਦਾ ਵਾਸ ਖ਼ਾਸ ਦਰਬਾਰੀ ਮਹਲਾਂ ਅੰਦਰਿ ਹੋ ਜਾਂਦਾ ਹੈ। ਗੁਰਸਿਖਾਂ ਨੂੰ ਹਰਿ-ਕੀਰਤ ਕਰਮ ਕਮਾਈਆਂ ਦੀ, ਸਿਫਤਿ ਸਾਲਾਹੀਆਂ ਦੀ ਦਾਤਿ ਬਖਸ਼ਣਹਾਰਾ ਸਤਿਗੁਰੁ ਨਦਰ ਮਿਹਰੰਮਤੀ ਵਾਹਿਗੁਰੂ ਮਿਲਾਇਆ ਹੋਇਆ ਹੀ ਮਿਲਦਾ ਹੈ। ਜਿਨ੍ਹਾਂ ਗੁਰਸਿਖਾਂ ਦੇ ਪੂਰਨ ਭਾਗ ਉਦੇ ਹੁੰਦੇ ਹਨ ਓਹਨਾਂ ਦੇ ਅੰਤਰਿ ਆਤਮੇ ਸਤਿਗੁਰੂ ਗੁਰ ਸ਼ਬਦ ਵਸਾ ਦਿੰਦਾ ਹੈ, ਪੰਜਾਂ ਪਿਆਰਿਆਂ ਦੇ ਜੋਤਿ-ਜਾਮੀਏ ਸਰੂਪ ਵਿਚਿ ਨਾਮ ਗੁਰ ਮੰਤ੍ਰ ਗੁਰਸਿਖਾਂ ਅੰਮ੍ਰਿਤਧਾਰੀਆਂ ਨੂੰ ਦ੍ਰਿੜਾਇ ਦਿੰਦਾ ਹੈ। ਜਿਨ੍ਹਾਂ ਗੁਰਸਿਖਾਂ ਗੁਰਮੁਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਸੱਚੇ ਨਾਮ ਦੀ ਸੱਚੀ ਮਹਿਮਾ ਮਈ ਵਡਿਆਈ ਮਿਲਦੀ ਹੈ ਓਹਨਾਂ ਨੂੰ ਅੰਦਰੋਂ ਉਛਾਲੇ ਉਠਦੇ ਹਨ, ਆਪ ਹੀ ਉਮਾਹੇ ਉਠਦੇ ਹਨ, ਕੀਰਤਨ ਕਰਨ ਦੇ। ਤਿਨ੍ਹਾਂ ਨਾਮ-ਜ਼ੋਤਿ-ਵਿਗਾਸੀਆਂ ਗੁਰਮੁਖਾਂ ਦਾ ਵਾਹਿਗੁਰੂ ਸੱਚੇ ਦੇ ਗੁਣ ਗਾਵਣਾ ਹੀ ਕੀਰਤਨ ਸੱਚੇ ਦੀ ਦਰਗਾਹੇ ਪਰਵਾਣ ਪੈਂਦਾ ਹੈ। ਅਤੇ ਐਥੇ ਇਸ ਲੋਕ ਦੀਆਂ ਸੰਗਤਾਂ ਦੀ ਜੈ ਜੈ ਕਾਰੀ ਆਸੀਸ ਲਹਿੰਦਾ (ਲੈਂਦਾ) ਹੈ।

ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ॥੩॥(੮॥੬)

(ਗਉੜੀ ਮ: ੧, ਪੰਨਾ ੨੨੩)

ਭਾਵ ਭਾਵਨੀ ਵਿਆਖਿਆ- ਸਤਿਗੁਰੂ ਦਇਆਲ ਗੁਰੂ ਨਾਨਕ ਸੱਚਾ ਪਾਤਸ਼ਾਹ ਜਿਸ ਵਡਿਭਾਗੇ ਗੁਰਮੁਖ ਜਨ ਦੇ ਅੰਤਰ-ਆਤਮੇ ਸੱਚੇ ਵਾਹਿਗੁਰੂ ਨੂੰ, ਵਾਹਿਗੁਰੂ ਰੂਪੀ ਸੱਚੇ ਨਾਮ ਨੂੰ ਵਸਾ ਦਿੰਦਾ ਹੈ, ਉਸ ਨੂੰ ਸੱਚੇ ਜੋਗ ਦੀ ਸੱਚੀ ਜੁਗਤੀ ਦੀ ਕਦਰ ਕੀਮਤਿ ਦਾ ਪਤਾ ਲਗਦਾ ਹੈ। ਉਹ ਘਰ ਬੈਠੇ ਹੀ ਗ੍ਰਿਹਸਤ ਉਦਾਸ ਜੋਗੀ ਜਾਗ ਸੁਜਾਗੇ ਬਣ ਜਾਂਦੇ ਹਨ। ਓਹਨਾਂ ਦੇ ਭਾ ਦੀ ਸੂਰਜ ਚੰਦ (ਸੂਰਜ ਦੀ ਤਪਸ਼ ਅਤੇ ਚੰਦ੍ਰਮਾ ਦੀ ਸੀਤਲਤਾ) ਸਮਸਰ ਹੀ ਹੋ ਜਾਂਦੀ ਹੈ। ਅਤੇ ਗ੍ਰਿਹ ਤੇ ਬਨ ਜੰਗਲ (ਉਦਿਆਨ) ਭੀ ਇਕ ਸਮਾਨ ਹੀ ਹੋ ਜਾਂਦਾ ਹੈ ਅਤੇ ਕੀਰਤਿ ਰੂਪੀ ਕਰਨੀ ਉਸ ਦਾ ਨਿਤ ਦਾ ਕਰਮ ਪਰਧਾਨ ਕਰਮ ਅਭਿਆਸ ਹੋ ਜਾਂਦਾ ਹੈ।

ਕਰਣੀ ਕਾਰ ਧੁਰਹੁ ਫੁਰਮਾਈ॥ ਬਿਨੁ ਸਬਦੈ ਕੋ ਥਾਇ ਨ ਪਾਈ॥
ਕਰਣੀ ਕੀਰਤਿ ਨਾਮੁ ਵਸਾਈ॥ ਆਪੇ ਦੇਵੈ ਢਿਲ ਨ ਪਾਈ॥ ੨॥

(੪॥੭॥੪੬) (ਆਸਾ ਮ: ੩, ਪੰਨਾ ੩੬੩)

ਗੁਰੂ ਦ੍ਰਿੜਾਈ ਸਿਫਤਿ ਸਾਲਾਹ ਹੀ ਸੱਚੀ ਕਾਰ ਹੈ। ਗੁਰ-ਦੀਖਿਅਤ ਨਾਮ ਅਭਿਆਸ ਕਮਾਈ ਹੀ ਕਰਨ ਯੋਗ ਸੱਚੀ ਕਾਰ ਹੈ। ਇਹ ਕਾਰ-ਕਰਣੀ ਧੁਰੋਂ ਫ਼ੁਰਮਾਈ ਕਾਰ-ਕਰਣੀ ਹੈ। ਧੁਰੋਂ ਦਰਗਾਹੋਂ, ਏਜ਼ਦੀ ਦਰਬਾਰੋਂ ਗੁਰੂ ਸਾਹਿਬਾਨ ਨੂੰ ਇਸੇ ਸਿਫਤਿ ਸਾਲਾਹ ਰੂਪੀ ਨਾਮ-ਅਭਿਆਸ ਕਾਰ-ਕਰਣੀ ਨੂੰ ਮਾਤ ਲੋਕ ਵਿਚ ਨਵਾਂ, ਖੰਡਾਂ ਬ੍ਰਹਿਮੰਡਾਂ ਵਿਚਿ ਵਿਥਾਰਨ ਦਾ ਫ਼ੁਰਮਾਨ ਹੋਇਆ। ਇਹੀ ਧੁਰ ਦੀ ਫ਼ੁਰਮਾਈ ਕਾਰ-ਕਰਣੀ ਹੀ ਕਲਜੁਗ ਅੰਦਰਿ ਫਲੀਭੂਤ ਹੁੰਦੀ ਹੈ। ਦੂਜਾ ਹੋਰ ਕੋਈ ਕਰਮ ਕੀਤਾ ਲੇਖੇ ਨਹੀਂ ਪੈਂਦਾ। ਨਾ ਹੀ ਗੁਰਮਤਿ ਨਾਮ ਦੀ ਸੱਚੀ


www.AKJ.Org

ਕਮਾਈ ਕੀਤੇ ਬਿਨਾਂ ਹੋਰ ਕਰਮਾਂ ਦੀ ਕਮਾਈ ਕਰਨਹਾਰਾ ਕੋਈ ਪੁਰਸ਼ ਥਾਇ ਪੈਂਦਾ ਹੈ, ਦਰਗਹਿ ਅੰਦਰ ਮਕਬੂਲ ਹੁੰਦਾ ਹੈ। ਗੁਰ ਸ਼ਬਦ ਬਿਨਾਂ, ਗੁਰੂ ਦੁਆਰਾ ਦ੍ਰਿੜ੍ਹ ਹੋਏ ਦੀਖਿਅਤ ਸ਼ਬਦ ਗੁਰਮੰਤ੍ਰ ਬਿਨਾਂ ਕਿਸ ਨੂੰ ਹਰਿ ਦਰਗਹ ਅੰਦਰਿ ਥਾਉਂ ਮਿਲਦੀ ਹੈ ? ਅਤੇ ਹਰਿ ਕੀਰਤਨ ਰੂਪੀ ਜਿਹੜੀ ਕਰਣੀ ਹੈ, ਇਹ ਇਕ ਬਿਸਮ ਕਰਾਮਾਤੀ ਕਰਣੀ ਹੈ। ਕਿਉਂਕਿ ਇਹ ਕੀਰਤਿ-ਕਰਣੀ ਨਾਮ ਨੂੰ ਹੋਰ ਦ੍ਰਿੜ੍ਹਾਂਉਂਦੀ ਹੈ ਅਤੇ ਵਧੇਰੇ ਮਨ ਅੰਦਰਿ ਵਸਾਉਂਦੀ ਸਧਰਾਉਂਦੀ ਹੈ। ਜਿਸ ਕਿਸੇ ਨੂੰ ਇਹ ਕੀਰਤਿ-ਕਰਣੀ ਰੂਪੀ ਸਿਫਤਿ ਸਾਲਾਹ ਬਖਸ਼ਣਹਾਰ ਦਾਤਾਰ ਗੁਰੂ ਕਰਤਾਰ ਬਖਸ਼ਦਾ ਹੈ, ਉਸਦੇ ਉਪਰ ਇਸ ਬਖਸ਼ਸ਼ ਵਰ੍ਹਨ ਦੀ ਫੇਰ ਢਿਲ ਨਹੀਂ। ਬਖਸ਼ਣ ਤੇ ਆਇਆ ਬਖਸ਼ਣਹਾਰ ਤੁੱਠਾ ਵਾਹਿਗੁਰੂ ਇਕ ਰੱਤੀ ਭਰ ਢਿਲ ਨਹੀਂ ਲਾਉਂਦਾ। ਤੁੱਠਣ ਲਗਿਆਂ ਤਿਲ ਮਾਤਰ ਵਿਚਿ ਤੁੱਠ ਪੈਂਦਾ ਹੈ। ਵਰਸਣ (ਵਰ੍ਹਨ) ਲਗਿਆਂ ਛਮਾ ਛਮ ਵਰਸਣ ਲਗ ਪੈਂਦਾ ਹੈ। ਜਿਸ ਉਪਰ ਉਹ ਤਥਠ ਕੇ ਦਇਆਲ ਹੋਵੇ ਉਸ ਨੂੰ ਇਸ ਕੀਰਤਨ-ਕਰਣੀ ਦਾ ਕਮਾਲ ਰੱਜ ਰੱਜ ਕੇ ਦੇਵੰਦਾ ਹੈ। ਉਹ ਅਜ਼ਗੈਬੀਆ ਕਸਬ ਕਮਾਲੀ ਕਰਨੀ ਕੀਰਤਿ ਫ਼ੈਜ਼ ਜਲਵਾਲੀ ਕੀਰਤਨ ਕਾਰ-ਜਮਾਲੀ ਜਨ ਕੀਰਤਨ ਕਰਦਾ ਫੇਰ ਕਦੇ ਥਕਦਾ ਨਹੀਂ, ਕਦੇ ਅਕਦਾ ਨਹੀਂ। ਕੀਰੰਤਨ-ਕਾਰ ਕਮਾਵਣਾ ਉਸ ਦਾ ਕੁਦਰਤੀ ਅਹਾਰ ਹੋ ਜਾਂਦਾ ਹੈ। ਇਸ ਧੁਰੋਂ ਆਈ ਧੁਰੋਂ ਫ਼ੁਰਮਾਈ ਕੀਰਤਨ-ਕਰਣੀ ਦੀ ਕਾਰ ਨੂੰ ਕਮਾ ਕੇ ਉਸਦਾ ਆਪਾ ਅਭਾਵ ਹੋ ਜਾਂਦਾ ਹੈ। ਮਨ ਮਰ ਜਾਂਦਾ ਹੈ। ਮਨ ਵਸਿ ਵਿਚਿ ਆ ਜਾਂਦਾ ਹੈ। ਕਿਸੇ ਪਾਸੇ ਨਹੀਂ ਧਾਉਂਦਾ।

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ॥
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ॥੫॥੨॥(ਧਨਾਸਰੀ ਮ: ੧, ਪੰਨਾ ੬੯੯)

ਬਸ, ਨਾਮ ਦੀ ਕਾਰ ਹੀ ਹੈ। ਨਾਮ ਮਹਾ ਰਸ ਮੀਠੇ ਦੀ ਕਾਰ ਹੀ ਹੈ, ਜੋ ਧੁਰੋਂ ਫ਼ੁਰਮਾਈ ਹੋਈ ਹੈ, ਗੁਰਸਿਖਾਂ ਦੇ ਕਰਨ ਲਈ। ਗੁਰਸਿਖਾਂ ਦੇ ਕਰਨ ਗੋਚਰੀ ਇਹੀ ਸੱਚੀ ਸੁੱਚੀ ਕਾਰ ਨਾਮ ਮਹਾਂ ਰਸ ਮੀਠੇ ਦੇ ਜਪਣ ਵਾਲੀ ਹੈ। ਜਿਸ ਦੇ ਜਪਿਆਂ, ਜਿਸ ਨਾਮ ਕਰਣੀ-ਕਾਰ ਤੇ ਕਰੰਮਿਆਂ ਏਹਨਾਂ ਹੋਰ ਕਾਰਾਂ ਬਿਹਾਰਾਂ ਦੀ, ਹੋਰ ਪਦਾਰਥ ਇਕੱਠੇ ਕਰਨ ਲਈ ਕਾਰ ਕਰਨ ਦੀ ਇੱਛਾ ਸਭ ਮਿਟ ਜਾਂਦੀ ਹੈ, ਨਾਮ ਪਦਾਰਥ ਮੀਠੇ ਦੀ ਬਦੌਲਤ ਮਿਟਦੀ ਹੈ। ਕਰਣੀ ਕੀਰਤਿ ਦੁਆਰਾ ਇਹ ਨਾਮ ਮਹਾ ਅੰਮ੍ਰਿਤ ਰਸ ਮੀਠਾ ਹੋ ਜਾਂਦਾ ਹੈ। ਸਾਰੀਆਂ ਤ੍ਰਿਸ਼ਨਾਵਾਂ ਤ੍ਰਿਖਾਵਾਂ ਨਿਵਾਰ ਦਿੰਦਾ ਹੈ।

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥੩॥**

(ਪਉੜੀ, ਆਸਾ ਦੀ ਵਾਰ, ਪੰਨਾ ੪੬੪)

ਅਗੇ ਜਾ ਕੇ ਸੱਚਾ ਲੇਖਾ ਹੁੰਦਾ ਹੈ। ਅਤੇ ਇਹ ਕਰਣੀ ਕੀਰਤਿ ਹੀ ਥਾਇ ਪੈਂਦੀ ਹੈ। ਕਰਣੀ ਕੀਰਤਿ ਤੇ ਲੇਖੇ ਹੀ ਛੁਟਕਾਰਾ ਹੁੰਦਾ ਹੈ। ਹੋਰ ਕਰਮ ਕਿਸੇ ਲੇਖੇ ਨਹੀਂ ਪੈਂਦੇ। ਕਰਣੀ ਕੀਰਤਿ ਹੀ ਪਰਮਾਣ ਪੈਂਦੀ ਹੈ। ਹਰਿ ਕੀਰਤਨ ਰੂਪੀ ਕਮਾਇਆ ਕਰਮ ਹੀ ਅਗੇ ਜਾ ਕੇ ਕੰਮ ਆਉਂਦਾ ਹੈ। ਹੋਰ ਸਭ ਕਰਮ ਕੀਤੇ ਬਿਰਥੇ ਜਾਂਦੇ ਹਨ। ਏਹਨਾਂ ਦੇ ਕੀਤਿਆਂ ਜਮਾਂ ਤੋਂ ਅਤੇ ਜਮਰਾਜ ਤੋਂ ਛੁਟਕਾਰਾ ਨਹੀਂ ਪੈਂਦਾ।

ਦਹਦਿਸ ਜਾਉਂ ਤਹਾਂ ਤੂੰ ਸੰਗੇ ਤੇਰੀ ਕੀਰਤਿ ਕਰਮ ਕਮਾਉ॥੨॥

(੪॥੧) (ਸਾਰੰਗ ਮ: ੫, ਪੰਨਾ ੧੨੦੨)

ਗੁਰਮਤਿ ਅੰਦਰਿ ਹਰਿ ਕੀਰਤਨ ਰੂਪੀ ਕਰਮ ਸਭ ਕਰਮਾਂ ਤੋਂ ਅਫ਼ਜ਼ੁਲ ਹੈ। ਸਾਰੇ ਆਨਮਤ ਕਰਮਾਂ ਤੋਂ ਫ਼ਜ਼ੀਲਤ ਰਖਦਾ ਹੈ। ਜਿਹੜੇ ਤਿਸ ਹਰਿ-ਕੀਰਤਿ ਰੂਪੀ ਕਰਮ ਤੇ ਕਰਮਸੀਏ ਅਤੇ ਪੂਰੇ ਰਸੀਏ ਹੋ ਗਏ ਹਨ, ਓਹਨਾਂ ਤੋਂ ਇਹ ਕਰਮ ਛਡ ਹੀ ਨਹੀਂ ਹੁੰਦਾ। ਚਾਹੇ ਕਿਤੇ ਜਾਈਏ। ਤਿਥੇ ਹੀ ਵਾਹਿਗੁਰੂ ਪਰੀਪੂਰਨ ਸਭਨੀ ਥਾਈਂ ਮਉਜੂਦ ਹੈ। ਤਿਥੇ ਹੀ ਉਸਦੀ ਸਿਫਤਿ ਸਾਲਾਹ ਦੀ ਕਰਨੀ ਕਮਾਈ ਜਾ ਸਕਦੀ ਹੈ। ਕੀਰਤਿ ਕਰਨੀ ਸਭ ਥਾਈਂ ਹੀ ਕੀਤੀ ਜਾ ਸਕਦੀ ਹੈ। ਉਸ ਦਾ ਨਾਮ ਭੀ ਸਭ ਥਾਈਂ ਲਿਆ ਜਾ ਸਕਦਾ ਹੈ। ਸਿਵਾਏ ਸਿਫਤਿ ਸਾਲਾਹ ਦੇ ਹੋਰ ਕੋਈ ਕਰਮ ਨਹੀਂ ਜੋ ਸਭਨੀ ਥਾਈਂ ਕੀਤਾ ਕਮਾਇਆ ਜਾ ਸਕੇ। ਕੀਰਤਿ-ਕਰਨ, ਜੇਲ੍ਹਾਂ ਵਿਚਿ ਭੀ ਖ਼ੂਬ ਨਿਭਦੀ ਹੈ। ਅਸਾਂ ਖ਼ੁਦ ਨਿਭਾਈ ਹੈ। ਪਰ ਗੁਰੂ ਦੀ ਕਿਰਪਾ ਦੁਆਰਾ ਨਿਭਾਈ ਹੈ। ਵਾਹਿਗੁਰੂ ਨੇ ਓਥੇ ਬੰਦੀਆਂ ਅੰਦਰ ਭੀ ਅਸਾਡਾ ਸਾਥ ਨਹੀਂ ਛਡਿਆ। ਅਤੇ ਅਸੀਂ ਉਸ ਦੀ ਸਿਫ਼ਤ


www.AKJ.Org

ਸਾਲਾਹ ਕਰਣੀ-ਕੀਰਤਿ ਦੇ ਆਸਰੇ ਹੀ ਸੁਰਜੀਤ ਰਹੇ ਹਾਂ। ਸੁਪ੍ਰਸੰਨਤਾ ਸਹਿਤ ਸਾਰੀ ਉਮਰ ਕੈਦ ਨਿਬਾਹੀ ਹੈ, ਕੇਵਲ ਕਰਨੀ-ਕੀਰਤਿ ਦੇ ਆਸਰੇ। ਕਿਉਂਕਿ ਜਿਸ ਦੀ ਕੀਰਤਿ ਕਰਨੀ ਅਸਾਡਾ ਕਰਮ ਹੋ ਚੁਕਿਆ ਸੀ, ਉਹ ਉਥੇ ਜੇਲ੍ਹ ਦੀ ਚਾਰ-ਦੀਵਾਰੀ ਵਿਚਿ ਸਨਮੁਖ ਮਉਜੂਦ ਕੇਲ ਕਰੰਦਾ ਦਿਸਦਾ ਸੀ। ਸਗੋਂ ਜਿਹੜੇ ਜਜ਼ਬੇ ਨਾਲਿ ਜੇਲ੍ਹਾਂ ਵਿਚਿ ਸਿਫਤਿ ਸਾਲਾਹੀ ਕਰਣੀ ਕਮਾਲ ਦੀ ਨਿਭੀ, ਉਹ ਬਾਹਿਰ ਰਹਿੰਦਿਆਂ ਨਹੀਂ ਨਿਭੀ। ਸਭੇ ਆਸਰੇ ਚੁੱਕ ਗਏ। ਸਭੇ ਢੋਈਆਂ ਮੁਕ ਗਈਆਂ। ਪਰ ਇਕ ਸਚੇ ਨਾਮ ਦਾ ਸਿਫਤਿ ਸਾਲਾਹੀ ਸੱਚਾ ਢੋਆ ਨਾਲਿ ਨਿਭਿਆ। ਨਿਭਾਉਣਹਾਰੇ ਨੇ ਨਿਭਾਇਆ। ਜੋ ਉਜਲ ਮੁਖ ਕਰ ਕੇ ਬਾਹਰਿ ਲੈ ਆਏ।

'ਦਹਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ'' ਦੇ ਗੁਰਵਾਕ ਦੀ ਖ਼ੂਬ ਪੈਰਵੀ ਹੋਈ। ਆਪਿ ਪੈਰਵੀ ਕਰਾਈ। ਆਪੇ ਤਾਮੀਲ ਹੋਈ। ਹੋਇ ਆਈ। ਇਹ ਉਹ ਇਕ ਸੁਨਹਿਰੀ ਸਮਾਂ ਹੀ ਸੀ ਜੋ ਕਰਣੀ-ਕੀਰਤਿ ਦੇ ਆਸਰੇ ਸੁਰਗ ਸਮਾਨ ਬਿਹਾਇਆ। ਅਤੇ ਸੁਰਗੋਂ ਵਧ ਨਦਰੀਂ ਆਇਆ।

ਜੋਗ ਬਿਨੋਦ ਸ੍ਵਾਦ ਆਨੰਦਾ॥ ਮਤਿ ਸਤ ਭਾਇ ਭਗਤਿ ਗੋਬਿੰਦਾ॥
ਕੀਰਤਿ ਕਰਮ ਕਾਰ ਨਿਜ ਸੰਦਾ॥ ਅੰਤਰਿ ਰਵਤੈ ਰਾਜ ਰਵੰਦਾ॥੨॥

(੫॥੧੪) ਪ੍ਰਭਾਤੀ ਮ: ੧, ਪੰਨਾ ੧੩੩੧)

ਤੱਤ ਭਾਵ - ਗੁਰਮਤਿ ਸਤਿ ਕਰ ਗੋਬਿੰਦ ਭਾਇ ਭਗਤਿ ਦੁਆਰਾ, ਵਾਹਿਗੁਰੂ ਦੀ ਭਾਉ ਭਗਤੀ ਕਰਨ ਨਾਲਿ, ਗੁਰਮਤਿ-ਆਦਰਸ਼ਨੀ ਸੱਚੀ ਭਾਇ-ਭਗਤੀ ਵਾਹਿਗੁਰੂ ਦੀ ਕਰਨ ਕਰਿ ਸੱਚਾ ਯੋਗ ਸੁਤੇ ਸਹਿਜ ਹੀ ਪ੍ਰਾਪਤਿ ਹੋ ਗਿਆ ਹੈ ਅਤੇ ਸੱਚੜੇ ਅਨਦ ਬਿਨੋਦ ਕਉਤਕੀ ਅਕਹਿ ਆਤਮ ਸੁਖ ਸੁਤੇ ਹੀ ਆਇ ਬਣੇ ਹਨ। ਜਦੋਂ ਦਾ ਇਹ ਅਨਦ ਬਿਨੋਦੀ ਹਲਾਸ ਆਤਮ-ਵਿਗਾਸ ਖਿੜਿਆ ਹੈ ਤਦੋਂ ਤੋਂ ਹਰਿ-ਕੀਰਤਨ ਕਰਨ ਦੀ ਸੱਚੀ ਕਾਰ ਇਕ ਨਿਜ ਦਾ ਸੁਭਾਵਕ ਕਰਮ ਹੀ ਬਣ ਗਿਆ। ਕੀਰਤਨ ਕਰਮ ਕਾਰ ਦਾ ਐਸਾ ਸਹਿਜ ਸੁਭਾਉ ਨਿਜ ਮਨਿ ਮੰਨਿਆ ਉਪਾਉ ਹੀ ਹੋ ਗਿਆ ਹੈ ਜਿਸ ਤੋਂ ਕਦੇ ਹਟ ਨਹੀਂ ਹੁੰਦਾ। ਹਰਿ ਕੀਰਤਿ ਕਰਮ ਸਭਨਾਂ ਕਰਮਾਂ ਤੋਂ ਇਕ ਉਤਕ੍ਰਿਸ਼ਟ ਪਰਬਲ ਕਰਮ ਆਇ ਪਤੀਜਿਆ ਪਰਤੀਤ ਹੋਇਆ ਹੈ। ਨਿਜ ਫ਼ਿਤਰਤੀ ਸੁਭਾਉ ਹੀ ਕੀਰਤਨ ਦਾ ਅਮਰੋਂ ਪਿਆ ਹੋਇਆ ਹੁੰਦਾ ਹੈ। ਨਿਜ ਦੀ ਕਾਰ ਹੀ ਹਰਿ ਕੀਰਤਨ ਕਰੰਮੀ ਹੋਇ ਆਈ ਹੈ, ਜਿਸ ਬਿਨਾਂ ਕਦੇ ਭੀ ਨਹੀਂ ਰਹਿ ਸਕੀਦਾ। ਹਰਿ ਕੀਰਤਨ ਗੁਰਮਤਿ ਦ੍ਰਿੜਾਇਆ ਹਰੇਕ ਗੁਰਮੁਖ ਦਾ ਆਪਣੇ ਨਿਜ ਦਾ ਕੰਮ ਹੈ, ਜਿਸ ਬਿਨਾਂ ਕਦੇ ਭੀ ਨਹੀਂ ਰਹਿ ਸਕੀਦਾ। ਅਤੇ ਹੋਰ ਕਰਮ ਇਸ ਚੋਜ ਬਿਨੋਦੀ ਕਰਮ ਦੇ ਸਾਹਮਣੇ ਸਭੇ ਹੇਚ ਹਨ, ਸਹਿਜ ਸਮੇਜ ਹਨ। ਸਾਰੇ ਯੋਗ, ਤਪ ਗਿਆਨ ਆਦਿਕ ਏਸੇ ਵਿਚ ਹੀ ਆ ਜਾਂਦੇ ਹਨ।(ਚਲਦਾ)

(ਪੰਨਾ ੨ ਦਾ ਬਾਕੀ ...)

ਅੰਦਰ ਨਾਮ ਧਿਆਵਣਾ ਗੁਰਮੁਖਾਂ ਦਾ ਕਦੇ ਹਟਕਦਾ ਨਹੀਂ, ਨਾਮ ਨਾਮੀ ਅਭੇਦਤਾ ਦੇ ਸਾਪੇਖਸ਼ ਗਿਆਨ ਵਿਖੇ ਭੀ ਨਹੀਂ ਹਟਕਦਾ। ਜਿਸ ਨਾਮ ਦੇ ਮਨ ਵਸਣ ਕਰਕੇ ਨਾਮੀ-ਨਿਰੰਕਾਰ ਦਾ ਮੇਲ-ਮਿਲਾਪ ਹੁੰਦਾ ਹੈ ਉਸ ਨੂੰ ਕਦੇ ਛਡਿਆ ਜਾ ਸਕਦਾ ਹੈ? ਮਿਲਾਪ ਤਾਂ ਕਿਰਪਾ, ਨਦਰ, ਮਿਹਰ ਦਾ ਪਰਤਾਪ ਹੈ। ਵਾਹਿਗੁਰੂ ਜਪ, ਹੁਕਮੀ-ਵਾਹਿਗੁਰੂ ਦੀ ਹੁਕਮ-ਰਜ਼ਾ ਹੈ; ਤੋੜ ਤਾਈਂ, ਤੋੜ ਪੁਜੇ ਤਾਈਂ ਭੀ ਛਡਣ ਦਾ ਹੁਕਮ ਨਹੀਂ। ਛਡ ਬੈਠਾ ਤਾਂ ਰਹਿ ਖੜੋਤਾ।

ਇਹ ਹੈ ਗੁਰਮਤਿ ਮਤਿ ਸਤਿਗੁਰੂ ਦੀ, ਜੋ ਗੁਰੂ ਸਾਹਿਬ ਨੇ ਗੁਰਬਾਣੀ ਦੁਆਰਾ ਸਿਖਾਂ ਪ੍ਰਤੀ ਦ੍ਰਿੜ੍ਹਾਈ ਹੈ। ਗੁਰਬਾਣੀ ਸਰੂਪੇ ਸਤਿਗੁਰੂ, ਗੁਰਬਾਣੀ ਨਿਧੇ ਸਤਿਗੁਰੂ ਦੀ ਸਤਿਸੰਗਤ ਅਤੇ ਸਤਿਸੰਗੀਆਂ ਦਾ ਦਰਸ਼ਨ-ਮਿਲਾਪ ਤਿਨ੍ਹਾਂ ਨੂੰ ਹੀ ਹੁੰਦਾ ਹੈ ਜਿਨ੍ਹਾਂ ਦੇ ਪੂਰਬ ਜਨੰਮ-ਕਰੰਮੀ ਪੋਤੇ ਕਰਮ ਨਛਤ੍ਰ ਵਿਚ ਲਿਖਿਆ ਹੁੰਦਾ ਹੈ। ਯਥਾ ਗੁਰਵਾਕ :-

ਤ੍ਰੈਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦੁ ਪਾਇ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ॥੧॥੧੧॥੪੪॥ (ਸਿਰੀ ਰਾਗ ਮਹਲਾ ੩-੩੦)


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ੍ਰ: ਇਕਬਾਲ ਸਿੰਘ ਜੀ ਖਾਲਸਾ ਸਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ
(ਹ) ਸ੍ਰ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

੨.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ ਟੈਲੀਫੋਨ 68607

3.ਚੰਡੀਗੜ੍ਹ,ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532 / 3-ਏ, ਮੋਹਾਲੀ। ਟੈਲੀਫੋਨ : 260569

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5.ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ 214, ਵਾਰਡ ਨੰ 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ : 01888-46036

6.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।
3.ਭਾਈ ਪਰਮਜੋਤ ਸਿੰਘ ਰੁਮਾਲੇ ਵਾਲੇ ਗੁਰੂ ਰਾਮ ਦਾਸ ਨਗਰ ਸੁਲਤਾਨਵਿੰਡ ਰੋਡ ਨੇੜੇ ਗ੍ਰਹਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅੰਮ੍ਰਿਤਸਰ Tel .0183 -581509

7.ਜਲੰਧਰ: ਸ੍ਰ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ

8.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ।

9.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ 48, ਬਜ਼ਾਰ ਨੰ 1, ਫਿਰੋਜ਼ਪੁਰ ਛਾਉਣੀ।

10.ਪਠਾਨਕੋਟ: ਸ੍ਰ: ਹਰਭਜਨ ਸਿੰਘ M.E.S. ਪਠਾਨਕੋਟ।

11.ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
੨.ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

1੨.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ।

14.ਸਰਹੰਦ: ਸ੍ਰ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ।

16.ਬਟਾਲਾ :- ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ।ਟੈਲੀ :46566

17.ਦਿੱਲੀ :- 1.ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
੨. ਸ੍ਰ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018

18.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel : 01753-530624

19.ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

੨0.ਕੈਨੇਡਾ: ਭਾਈ ਰਿਪੁਦਮਨ ਸਿੰਘ, ਮਲਿਕ ਸਿੰਘ, ਫੋਨ : 18006630224

੨1.ਆਸਟ੍ਰੇਲੀਆ: ਭਾਈ ਪਰਸੋਤਮ ਸਿੰਘ ਜੀ, ਫੋਨ : 0061-69634841

੨੨.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | |
|---|---|
| ਗੁਪਤ- | ੧੦੦/- |
| ਗੁਪਤ- | ੫੦/- |
| ਸ੍ਰ:ਸੁਰਜੀਤ ਸਿੰਘ- | ੧੦੧/- |
| ਹਰਭਜਨ ਸਿੰਘ- | ੧੬੦/- |
| ਸ੍ਰ ਸਵਰਨ ਦਾਸ ਸਿੰਘ | ੫੦/- |
| ਬੀਬੀ ਸੰਤ ਕੌਰ- | ੧੦੦/- |
| ਗੁਪਤ- | ੧੦੦/- |
| ਗੁਪਤ- | ੧੦੦। |

## ਫ੍ਰੀ ਲਿਟ੍ਰੇਚਰ ਫੰਡ

| | |
|---|---|
| ਸ੍ਰ: ਕੰਵਲ ਜੀਤ ਸਿੰਘ- | ੫੦/- |
| ਸ੍ਰ: ਹਰਮੀਤ ਸਿੰਘ- | ੧੦੧/- |
| ਬੀਬੀ ਜਸਵਿੰਦਰ ਕੌਰ ਧਾਲੀਵਾਲ (ਬੱਚੇ ਦੇ ਭੋਗ ਸਮੇਂ)- | ੫੦੦/- |
| ਸ੍ਰ: ਰਣਜੀਤ ਸਿੰਘ- | ੧੦੦/- |
| ਸ੍ਰ: ਜਸਵਿੰਦਰ ਸਿੰਘ | ੧੦੦/- |


www.AKJ.Org



## ਕੇਲ ਕਰੇਂਦੇ ਹੰਝ ਨੋ, ਅਚਿੰਤੇ ਬਾਜ ਪਏ

### ਗਿਆਨੀ ਹਰਭਜਨ ਸਿੰਘ ਜੀ ਟਰੰਕਾਂ ਵਾਲੇ ਲੁਧਿਆਣਾ

ਆਪ ਜੀ ਲੁਧਿਆਣਾ ਦੀਆਂ ਕਈ ਸੇਵਾ ਸੰਸਥਾਵਾਂ ਦੇ ਪ੍ਰਮੁਖ ਮੈਂਬਰ ਸਨ। ਭਾਈ ਸੂਰਤ ਸਿੰਘ ਪੂਰਨ ਜੀ ਦੀ ਸੰਗਤ ਅਤੇ ਪ੍ਰੇਰਨਾ ਸਦਕਾ ਆਪ ਜੀ 1987 ਵਿਚ ਨਾਰੰਗਵਾਲ ਸਮਾਗਮ ਸਮੇਂ ਅਖੰਡ ਕੀਰਤਨੀ ਜੱਥੇ ਵਿਚ ਸ਼ਾਮਲ ਹੋ ਗਏ। ਸੰਗਤਾਂ ਨੂੰ ਅੰਮ੍ਰਿਤ ਵੇਲੇ ਦੇ ਸਮਾਗਮਾਂ ਵਿਚ ਲਿਜਾਣਾ ਅਤੇ ਇਤਿਹਾਸਕ ਅਸਥਾਨਾਂ ਦੀ ਯਾਤਰਾਂ ਤੇ ਲੈ ਕੇ ਜਾਣਾ ਆਪ ਜੀ ਨੇ ਆਪਣਾ ਮਨੋਰਥ ਬਣਾ ਲਿਆ ਸੀ। ਇਥੋਂ ਤੱਕ ਕੇ ਸੰਗਤਾਂ ਦੇ ਕਿਰਾਏ ਅਤੇ ਹੋਰ ਲੋੜਾਂ ਲਈ ਖਰਚਾਂ ਵੀ ਆਪਣੇ ਕੋਲੋਂ ਕਰਦੇ ਸਨ। ੭ ਦਸੰਬਰ ੧੯੯੯ ਨੂੰ ਜਲੰਧਰ ਵਿਖੇ ਐਕਸੀਡੈਂਟ ਵਿਚ ਜ਼ਖਮੀ ਹੋ ਜਾਣ ਕਾਰਨ ਆਪ 11 ਦਸੰਬਰ ਰਾਤ ਨੂੰ ਚੜ੍ਹਾਈ ਕਰ ਗਏ। 12 ਤਾਰੀਖ ਨੂੰ ਸੰਸਕਾਰ ਸਮੇਂ ਅਤੇ 19 ਦਸੰਬਰ ਅੰਤਮ ਅਰਦਾਸ ਮੌਕੇਭਾਰੀ ਗਿਣਤੀ ਵਿਚ ਸੰਗਤਾਂ ਨੇ ਜੁੜ ਕੇ ਆਪ ਜੀ ਨੂੰ ਕੀਰਤਨ ਰਾਹੀਂ ਅਸੀਸੜੀਆਂ ਬਖਸ਼ੀਆਂ।



### ਕਾਕਾ ਕਾਰਜ ਸਿੰਘ ਧਾਲੀਵਾਲ ਬੇਟ

ਜਸਵਿੰਦਰ ਕੌਰ ਜੀ ਦੀ ਕੁਖੋਂ 24 ਨਵੰਬਰ 1981 ਵਿਚ ਜਨਮਿਆ ਕਾਕਾ ਕਾਰਜ ਸਿੰਘ ਨੇ 1989 ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਕਾ ਸਿੰਘ ਸਜਿਆ, ਤੇ ਅੰਤਮ ਸੁਆਸਾਂ ਤੱਕ ਛੋਟੀ ਜਿਹੀ ਉਮਰ ਵਿਚ ਗੁਰਸਿਖੀ ਜੀਵਨ ਦਾ ਅਨੰਦ ਮਾਣਦਾ 11 ਜਨਵਰੀ 2000 ਨੂੰ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਿਆ। ਕਾਕੇ ਦੀ ਅੰਤਮ ਅਰਦਾਸ ਮੌਕੇ ਹੋਰਨਾਂ ਬੇਅੰਤ ਗੁਰਸਿੱਖ ਸੰਗਤਾਂ ਤੋਂ ਇਲਾਵਾ ਜੱਥੇ ਦੀਆਂ ਨਾਮਵਰ ਹਸਤੀਆਂ ਭਾਈ ਜੀਵਨ ਸਿੰਘ ਜੀ, ਜਥੇਦਾਰ ਭਾਈ ਰਾਮ ਸਿੰਘ ਜੀ, ਮਾਸਟਰ ਜਸਵੰਤ ਸਿੰਘ, ਭਾਈ ਅਮਰੀਕ ਸਿੰਘ ਜੀ ਆਦਿ ਹਾਜ਼ਰ ਹੋਏ। ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਵਾਲੇ ਵੀ ਆਪਣੇ ਪ੍ਰੀਵਾਰ ਸਮੇਤ ਕੀਰਤਨ ਸਮਾਗਮ ਵਿਚ ਹਾਜ਼ਰ ਹੋਣ ਲਈ ਪਹੁੰਚੇ।

## ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। 2. ਕੇਵਲ ਕੇਸਕੀਧਾਰੀ ਬੀਬੀਆ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-319 ਸਾਂਢੇ 25 ਸਾਲਾ ਕੱਦ 5'5'' B.A. IInd ਪਾਸ Air Force ਵਿਚ ਨੌਕਰੀ ਕਰਦੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਵਿਆਹ ਬਗੈਰ ਕਿਸੇ ਲੈਣ ਦੇਣ ਤੋਂ।

LD-320 24 ਸਾਲਾ ਕੱਦ 5'4''+2 ਪਾਸ ਆਪਣਾ ਕਾਰੋਬਾਰ ਚੰਗੀ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-321 27 ਸਾਲਾ ਕੱਦ 5'6'', B.A. II ਅਤੇ ਕੰਪਿਊਟਰ ਕੋਰਸ ਪਾਸ ਆਪਣਾ ਕੰਮ 3000/- ਮਾਸਿਕ ਆਮਦਨ ਆਪਣੀ ਜ਼ਮੀਨ ਦੇ ਮਾਲਕ ਸਿੰਘ ਲਈ ਬਗੈਰ ਕਿਸੇ ਜਾਤਪਾਤ ਦੇ ਵਿਚਾਰ ਅਤੇ ਬਗੈਰ ਕਿਸੇ ਲੈਣ ਦੇਣ ਤੋਂ ਯੋਗ ਗੁਰਮੁਖ ਬੀਬੀ ਦੀ ਲੋੜ ਹੈ।

LD-322 45 ਸਾਲਾ ਕੱਦ 5'7'' ਇੰਜੀ: ਪਾਸ 5000/ ਮਾਸਿਕ ਆਮਦਨ, ਆਪਣਾ ਕੰਮ ਕਰਦੇ ਸਿੰਘ ਲਈ ਬਗੈਰ ਬੱਚੇ ਵਾਲੀ ਵਿਧਵਾ, ਮਾਮੂਲੀ ਨੁਕਸ ਵਾਲੀ ਅਪਾਹਜ ਜਾਂ ਹੋਰ ਯੋਗ ਜੀਵਨ ਸਾਥਣ ਦੀ ਲੋੜ ਹੈ। ਵਿਆਹ ਸਾਦਾ ਅਤੇ ਬਗੈਰ ਕਿਸੇ ਲੈਣ ਦੇਣ ਤੋਂ।

LD-323 31 ਸਾਲਾ ਕੱਦ 5'7'' B.Sc. (Medical D. Pharmacy) ਪਾਸ ਸਰਕਾਰੀ ਨੌਕਰੀ 10,000/- ਮਾਸਿਕ ਆਮਦਨ ਵਾਲੇ 2 ਬੱਚੇ, ਲੜਕੀ 7 ਸਾਲ ਲੜਕਾ 3 ਸਾਲ ਵਾਲੇ ਦੁਹਾਜੂ ਸਿੰਘ ਲਈ ਯੋਗ ਪੜ੍ਹੀ ਲਿਖੀ ਗੁਰਮੁਖ ਬੀਬੀ ਦੀ ਲੋੜ ਹੈ। ਪਹਿਲੀ ਪਤਨੀ ਸੜਕ ਹਾਦਸੇ ਵਿਚ ਚਲਾਣਾ ਕਰ ਗਈ ਹੈ।

LD-324 26 ਸਾਲਾ, ਕੱਦ 5'4'',+2 ਪਾਸ, ਆਪਣਾ ਕਾਰੋਬਾਰ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-325 26 ਸਾਲਾ ਕੱਦ 5'7'' M.Sc. Agriculture ਬੈਂਕ ਮੈਨੇਜਰ 13000/- ਮਾਸਿਕ ਆਮਦਨ ਵਾਲੇ ਕੀਰਤਨੀ ਸਿੰਘ ਲਈ ਯੋਗ ਗੁਰਮੁਖ ਬੀਬੀ ਦੀ ਲੋੜ ਹੈ।

LD-326 29 ਸਾਲਾ ਕੱਦ 5'2'' ਬੀ. ਏ. ਪਾਸ ਪ੍ਰਾਈਵੇਟ ਟੀਚਰ 2500/- ਮਾਸਿਕ ਤਨਖਾਹ ਅਤੇ ਐਮ. ਏ. ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-327 26 ਸਾਲਾ ਕੱਦ 5'3'' M.A. B.Ed. ਪਾਸ ਪ੍ਰਾਈਵੇਟ ਟੀਚਰ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-328 25 ਸਾਲਾ ਕੱਦ 5'2'' B.A. B.Ed ਅਤੇ ਤਿੰਨ ਸਾਲਾ ਕਮਰਸ਼ੀਅਲ ਆਰਟਸ ਡਿਪਲੋਮਾ ਪਾਸ M.Ed ਕਰ ਰਹੀ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

(ਪੰਨਾ ੪੦ ਦਾ ਬਾਕੀ ...)

ਨੋਟ : ਸੰਗਤਾਂ ਨੋਟ ਕਰ ਲੈਣ ਕੇ ਕਿਸੇ ਮਜਬੂਰੀ ਕਾਰਨ ਪਿਛਲੇ ਅੰਕ ਵਿਚ ਦਿਤੀਆਂ ਤਰੀਖਾਂ ਬਦਲ ਗਈਆਂ ਹਨ ਹੋਰ ਜਾਣਕਾਰੀ ਲਈ ਭਾ: ਸਾਹਿਬ ਜਰਨੈਲ ਸਿੰਘ ਜੀ : 01926 330008

4. ਹੋਲਾ ਮਹਲਾ ਦੇ ਸਬੰਧ 'ਚ ਮਾਸਿਕ ਰੈਣਿ ਸਬਾਈ ਕੀਰਤਨ ਅਤੇ ਗਤਕਾ ਦਾ ਪ੍ਰੋਗਰਾਮ ਤੇ ਯੂਥ ਪ੍ਰੋਗਰਾਮ ਸਨੀਵਾਰ 18 ਮਾਰਚ ਨੂੰ ਗੁਰੂ ਨਾਨਕ ਗੁਰਦੁਆਰਾ, DALLOW ROAD, LUTON ਵਿਖੇ। 8.30 PM TO 9.30 PM GATKA DISPLAY/ ਗਤਕਾ ਪ੍ਰਦਰਸ਼ਨੀ, 9.30 PM TO 10.00 PM LECTURE ਲੈਕਚਰ, 10.PM TO 5 AM RANSBAI KIRTAN/ ਰੈਣਿ ਸਬਾਈ ਆਰੰਭ। ਸਮੂਹ ਸੰਗਤਾ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਗਤਕੇ ਟੀਮ ਦੇ ਨੌਜਵਾਨਾਂ ਨੂੰ ਹੌਂਸਲਾ ਅਫਜਾਈ ਦੇਈਐ। ਹੋਰ ਜਾਣਕਾਰੀ ਲਈ ਭਾ: ਉਂਕਾਰ ਸਿੰਘ 01753 572737 ਭਾ: ਰਣਜੀਤ ਸਿੰਘ 01582 755071

5. ਕੀਰਤਨ ਦਰਬਾਰ ਸਨੀਵਾਰ 25 ਮਾਰਚ 7 ਵਜੇ ਤੋਂ 12 ਵਜੇ ਤੱਕ ਗੁਰੂ ਨਾਨਕ ਗੁਰਦੁਆਰਾ, FORDEND ROAD QUEENSPARK, BEDFORD ਵਿਖੇ ਹੋਰ ਜਾਣਕਾਰੀ ਲਈ ਭਾ:ਹਰਦੀਪ ਸਿੰਘ 01753 530624



www.AKJ.Org

## ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

10 ਫਰਵਰੀ ਵੀਰਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਸਿੰਘ ਸਭਾ ਬਠਿੰਡਾ ਵਿਖੇ। ਸ਼ਾਮ 5.30 ਤੋਂ 8.30 ਕੀਰਤਨ ਗੁ: ਥਰਮਲ ਕਲੋਨੀ ਵਿਖੇ।
11 ਫਰਵਰੀ ਸ਼ੁਕਰਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਗੁ: ਕਿਲਾ ਮੁਬਾਰਕ ਵਿਖੇ।
ਸ਼ਾਮ 5.30 ਤੋਂ 8.30 ਕੀਰਤਨ ਗੁ: N.F.L. ਕਲੋਨੀ ਵਿਖੇ।
੧੨ ਫਰਵਰੀ ਸ਼ਨੀਵਾਰ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ। ਸ਼ਾਮ ਸੋਦਰ ਉਪ੍ਰਤ ਰੈਣਿ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ਹੋਣਗੇ।
ਪੁਛਗਿਛ ਟੈਲੀਫੋਨ : 0164-੨17743 ਦਾਸਰੇ :- ਅਖੰਡ ਕੀਰਤਨੀ ਜੱਥਾ ਬਠਿੰਡਾ।

## ਭਗਤ ਰਵਿਦਾਸ ਜੀ ਦੇ ਜਨਮ ਦਿਵਸ ਸਬੰਧੀ ਰੈਣਿ ਸਬਾਈ ਕੀਰਤਨ

ਗੁ: ਸ੍ਰੀ ਗੁਰੂ ਸਿੰਘ ਸਭਾ ਪਿੰਡ ਘੁਮਾਣ (ਜ਼ਿਲਾ ਲੁਧਿਆਣਾ) ਵਿਖੇ 19 ਫਰਵਰੀ ਰਾਤ ਨੂੰ ਕੀਰਤਨ ਅਖਾੜੇ ਸਜਣਗੇ

## ਬਸੰਤ ਰੁੱਤ ਦਾ ਕੇਂਦਰੀ ਅਖੰਡ ਕੀਰਤਨ ਸਮਾਗਮ ਪਟਿਆਲਾ ਵਿਖੇ

*ਗੁ: ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਪਿਛਲੇ ਕਾਫ਼ੀ ਸਮੇਂ ਤੋਂ ਮਨਾਏ ਜਾਂਦੇ ਬਸੰਤ ਰੁੱਤ ਦੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮਾਂ ਵਾਂਗ ਹੀ ਇਸ ਵਾਰੀ ਵੀ ਮਿਤੀ 17 ਫਰਵਰੀ ੨000 ਸਵੇਰ ਤੋਂ ੨0 ਫਰਵਰੀ ੨000 ਸਵੇਰ ਤੱਕ ਕੀਰਤਨ ਸਮਾਗਮ ਹੇਠ ਦਿੱਤੇ ਵੇਰਵੇ ਅਨੁਸਾਰ ਰਚਾਏ ਜਾਣਗੇ। ਆਏ ਦੀਦਾਰ ਬਖ਼ਸ਼ੋ ਜੀ।*
*17 ਫਰਵਰੀ ਸਵੇਰੇ 5 ਤੋਂ 8 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਪ੍ਰਾਇਮਰੀ ਸਕੂਲ ਗੁ: ਦੁਖ ਨਿਵਾਰਨ ਸਾਹਿਬ ਵਿਖੇ। ਸ਼ਾਮ 3 ਵਜੇ ਤੋਂ 7 ਵਜੇ ਤੱਕ ਹਜ਼ੂਰੀ ਅਖੰਡ ਕੀਰਤਨ ਗੁ: ਦੁਖ ਨਿਵਾਰਨ ਸਾਹਿਬ ਵਿਖੇ ਹੀ*
*18 ਫਰਵਰੀ ਸਵੇਰੇ 5 ਤੋਂ 8 ਹਜ਼ੂਰੀ ਕੀਰਤਨ ਆਸਾ ਦੀ ਵਾਰ ਉਪ੍ਰੰਤ ੯ ਤੋਂ ੧੨ ਅਖੰਡ ਕੀਰਤਨ*
*ਸ਼ਾਮ 3 ਤੋਂ 7 ਵਜੇ ਤੱਕ ਹਜ਼ੂਰੀ ਅਖੰਡ ਕੀਰਤਨ*
*19 ਫਰਵਰੀ ਸਵੇਰੇ 4 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਕੂਲ ਵਿਖੇ ਉਪ੍ਰੰਤ 8 ਵਜੇ ਤੱਕ ਹਜ਼ੂਰੀ ਕੀਰਤਨ ਆਸਾ ਦੀ ਵਾਰ ਅਤੇ ੯ ਤੋਂ ੧੨ ਅਖੰਡ ਕੀਰਤਨ। ਸ਼ਾਮ 7 ਵਜੇ ਦੀਵਾਨ ਹਾਲ ਗੁ: ਦੁਖ ਨਿਵਾਰਨ ਸਾਹਿਬ ਵਿਖੇ ਅਰੰਭ ਰੈਣਿ ਸਬਾਈ ਕੀਰਤਨ*
*ਅੰਮ੍ਰਿਤ ਸੰਚਾਰ :- ਪ੍ਰਾਇਮਰੀ ਸਕੂਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਵਾਲੇ ਕਮਰੇ ਵਿਚ 19 ਫਰਵਰੀ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।*
*ਰਿਹਾਇਸ਼ ਤੇ ਲੰਗਰ :- ਰਿਹਾਇਸ਼ ਤੇ ਲੰਗਰ ਦਾ ਸਾਰਾ ਇੰਤਜ਼ਾਮ ਗੁ: ਦੁਖ ਨਿਵਾਰਨ ਸਾਹਿਬ ਵਿਖੇ ਹੀ ਹੋਵੇਗਾ।*
*ਦਾਸਰੇ :- ਸਮੂਹ ਸਾਧ ਸੰਗਤ ਅਤੇ ਅਖੰਡ ਕੀਰਤਨੀ ਜੱਥਾ ਪਟਿਆਲਾ*

## ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ੨6 ਫਰਵਰੀ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਪਿੰਡ ਵੈਰੋਵਾਲ ਥਾਨੇਵਾਲ (ਨਜ਼ਦੀਕ ਖਡੂਰ ਸਾਹਿਬ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਮੱਖਣ ਸਿੰਘ ਜੀ ਦੇ ਗ੍ਰਹਿ ਵਿਖੇ 4 ਮਾਰਚ ਰਾਤ ਨੂੰ ਕੀਰਤਨ ਅਖਾੜੇ ਸਜਣਗੇ।
ਪਿੰਡ ਦਾਦੂਪੁਰ (ਨੇੜੇ ਮਜੀਠਾ) ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ।
ਬੀਬੀ ਗੁਰਚਰਨ ਕੌਰ ਦੇ ਗ੍ਰਹਿ ੨6 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ। ਸੰਗਤਾਂ ਵਾਸਤੇ ਅਜੀਤ ਨਗਰ ਅੰਮ੍ਰਿਤਸਰ ਤੋਂ ਸਵੇਰੇ 6 ਵਜੇ ਬੱਸ ਚੱਲੇਗੀ।

## ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

1 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ।

## ਧੂਰੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ


ਧੂਰੀ ਵਿਖੇ ਹਰ ਸਾਲ ਮਈ ਦੇ ਦੂਜੇ ਹਫ਼ਤੇ ਹੋਣ ਵਾਲਾ ਰੈਣਿ ਸਬਾਈ ਕੀਰਤਨ ਸਮਾਗਮ ਇਸ ਸਾਲ 13 ਮਈ ਰਾਤ ਨੂੰ ਹੋਵੇਗਾ। ਸਮੂਹ ਸ਼ਹਿਰਾਂ ਦੀਆਂ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਦਰਸ਼ਨ ਦੇ ਕੇ ਨਿਵਾਜੋ ਜੀ।

## ਅਖੰਡ ਕੀਰਤਨੀ ਜੱਥਾ ਯੂ. ਕੇ ਦੇ ਆਉਣ ਵਾਲੇ ਪ੍ਰੋਗਰਾਮ

1 ਕੀਰਤਨ ਦਰਬਾਰ ਸ਼ਨੀਵਾਰ 5 ਫਰਵਰੀ ਨੂੰ ਸਿੰਘ ਸਭਾ ਗੁਰਦੁਆਰਾ, ਪਾਰਕ ਐਵੇਨਿਊ, ਸਾਊਥਾਲ ਵਿਖੇ। ਸ਼ਾਮ 8 ਵਜੇ ਤੋਂ ੧੨ ਵਜੇ ਤੱਕ।
੨. ਮਾਸਿਕ ਰੈਣ ਸਬਾਈ ਕੀਰਤਨ ਪਹਿਲੀ ਵਾਰ ਸ਼ਨੀਵਾਰ 19 ਫਰਵਰੀ ਨੂੰ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾ ਦੀ ਯਾਦ ਵਿਚ at Chapletown Gurdwara, Chapletown Road, CHAPLETOWN,LEEDS ਵਧੇਰੇ ਜਾਣਕਾਰੀ ਲਈ ਭਾ: ਕਮਲਜੀਤ ਸਿੰਘ ਜੀ :- 0127472930੨ ਸਲੋਹ ਅਤੇ ਸਾਊਥਾਲ ਦੀਆਂ ਸੰਗਤਾਂ ਲਈ ਕੋਚ ਦਾ ਪ੍ਰਬੰਧ ਕੀਤਾ ਗਿਆ ਹੈ। ਬ੍ਰਮਿਘੰਮ ਤੋਂ ਕੋਚ ਦਾ ਪ੍ਰਬੰਧ ਲਈ ਸੰਪਰਕ ਕਰੋ ਭਾ: ਅਮਨਦੀਪ ਸਿੰਘ ਫੋਨ : 01215586473
3. ਸ੍ਰੀ ਅਖੰਡ ਪਾਠ ਸਾਹਿਬ ੨5/੨6/੨7 ਫਰਵਰੀ ਨੂੰ ਸਿੰਘ ਸਭਾ ਗੁਰਦੁਆਰਾ, ਕਰਾਸ ਰੋਡ, ਕਵੈਂਟਰੀ ਵਿਖੇ ਭਾਈ ਜਰਨੈਲ ਸਿੰਘ ਜੀ ਲਮਿੰਗਟਨ ਸਪਾ ਅਤੇ ਪ੍ਰਵਾਰ ਵਲੋਂ ਬੀਬੀ ਗੁਰਮੇਲ ਕੌਰ ਦੀ ਨਿੱਘੀ ਯਾਦ ਵਿਚ। (ਬਾਕੀ ਪੰਨਾ ੩੯ ਤੇ ...)



www.AKJ.Org



ਸਾਕਾ ਸ੍ਰੀ ਨਨਕਾਣਾ ਸਾਹਿਬ 21 ਫਰਵਰੀ 1921 ਈ:
(ਵਿਸਥਾਰ ਪੂਰਬਕ ਲੇਖ ਅੰਦਰ ਪੜ੍ਹੋ)



## ਜੈਤੋ ਦੇ ਸਥਾਨ ਪਰ ਗੋਲੀ

21 ਫਰਵਰੀ 1924 ਈ: ਨੂੰ ਗੁਰਦੁਆਰਾ ਟਿੱਬੀ ਸਾਹਿਬ ਜੈਤੋ ਦੇ ਸਥਾਨ ਪਰ ਪਹਿਲੇ ਪੰਜ ਸੌ ਦੇ ਸ਼ਹੀਦੀ ਜੱਥੇ ਉਤੇ ਨਾਭੇ ਦੇ ਅੰਗਰੇਜ਼ ਅਧਿਕਾਰੀਆਂ ਵਲੋਂ ਦਿਨ ਦੇ 2 ਵਜ ਕੇ 45 ਮਿੰਟ ਤੇ ਗੋਲੀ ਚਲਾਈ ਗਈ, ਜਿਸ ਕਾਰਨ ਚਾਰ

www.AKJ.Org

Regd. No. /12245/66 SURA FEBRUARY P.O. Regd. No.PB/ LD/ 121/99




(ਗੁ: ਦੂਖ ਨਿਵਾਰਨ ਸਾਹਿਬ, ਪਟਿਆਲਾ ਦੀ ਪੁਰਾਣੀ ਇਮਾਰਤ (ਸਰੋਵਰ ਦੇ ਪਿੱਛੇ ਚਿੱਟੇ ਗੁੰਬਦ ਵਾਲੀ)। ਇਸ ਇਮਾਰਤ ਦੀ ਥਾਂ ਤੇ ਹੁਣ ਨਵੀਂ ਇਮਾਰਤ ਉਸਾਰੀ ਜਾ ਰਹੀ ਹੈ।) ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਬਸੰਤ ਰੁੱਤ ਦੇ ਕੇਂਦਰੀ ਕੀਰਤਨ ਸਮਾਗਮ 17 ਤੋਂ 20 ਫਰਵਰੀ ਤੱਕ ਕੀਤੇ ਜਾ ਰਹੇ ਹਨ। ਵੇਰਵਾ ਅੰਦਰ ਦੇਖੋ ਜੀ।

SURA (Monthly) Kothi No.12, Block-I, BHAI RANDHIR SINGH NAGAR, LUDHIANA-141 004

www.AKJ.Org